Vide R.N.I. No. Pun-Pun 2002/8323
ASR/0001/2021/23

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

D.O.P. 15 Jan. 2023

ਅੰਕ: 149

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ



ਚਾਲੀ ਸਿੰਘਾਂ ਨੂੰ ਮੁਕਤਿਆਂ ਦਾ ਖਿਤਾਬ
ਅੰਦਰ ਪੜ੍ਹੋ ਜੀ

ਭਗਤਾ ਕਉ ਬਲਿਹਾਰਾ
बाबा जी के गुणों की महिमा
अंदर पढ़ो जी

ਕਲਮ ਅਤੇ ਖੰਡੇ ਦੇ ਧਨੀ ਬ੍ਰਹਮ ਗਿਆਨੀ

## ਧੰਨ ਧੰਨ ਬਾਬਾ ਦੀਪ ਸਿੰਘ ਜੀ

# ਪਹਿਲੀ ਸਲਾਨਾ ਕਾਨਵੋਕੇਸ਼ਨ

ਸਤਿਗੁਰੂ ਜੀ ਦੀ ਕਿਰਪਾ ਨਾਲ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਅਧੀਨ ਚੱਲ ਰਹੇ ਬੀਬੀ ਕੌਲਾਂ ਜੀ ਡਿਗਰੀ ਕਾਲਜ, ਸਰਾਂ ਰੋਡ, ਜੰਡਿਆਲਾ ਗੁਰੂ ਦੀ ਪਹਿਲੀ ਕਾਨਵੋਕੇਸ਼ਨ ਆਰਟ ਗੈਲਰੀ, ਸ੍ਰੀ ਅੰਮ੍ਰਿਤਸਰ ਵਿਖੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਭਾਈ ਨਰਿੰਦਰ ਸਿੰਘ ਜੀ ਵੱਲੋਂ ਕਰਵਾਈ ਗਈ। ਜਿਸ ਵਿੱਚ ਉਚੇਚੇ ਤੌਰ ਤੇ ਸਤਿਕਾਰਯੋਗ ਸ੍ਰ. ਹਰਭਜਨ ਜੀ ਈ.ਟੀ.ਓ. (ਕੈਬਨਿਟ ਮੰਤਰੀ, ਪੰਜਾਬ ਸਰਕਾਰ) ਦੇ ਧਰਮਪਤਨੀ ਸਰਦਾਰਨੀ ਸੁਹਿੰਦਰ ਕੌਰ ਜੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਦੇ ਸ੍ਰ. ਹਰਦੀਪ ਸਿੰਘ ਜੀ (O.S.D. to Vice Chancellor), ਸ੍ਰ. ਤੀਰਥ ਸਿੰਘ ਜੀ (Incharge Centre for IT Solution) ਵੱਲੋਂ ਬੀ.ਏ., ਬੀ. ਕਾਮ., ਬੀ.ਸੀ.ਏ., ਬੀ.ਐਸ.ਸੀ. ਸੈਸ਼ਨ 2021-22 ਦੀਆਂ ਗ੍ਰੈਜੂਏਸ਼ਨ ਪਾਸ ਕਰ ਚੁੱਕੀਆਂ ਲੜਕੀਆਂ ਨੂੰ ਡਿਗਰੀਆਂ ਵੰਡੀਆਂ ਗਈਆਂ।









1st Annual Convocation Ceremony

ਇਸ ਮੌਕੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਸ੍ਰ. ਟਹਿਲਇੰਦਰ ਸਿੰਘ ਜੀ (ਟਰੱਸਟੀ), ਸ੍ਰ. ਉਪਦੀਪ ਸਿੰਘ ਜੀ, ਪ੍ਰਿ. ਕੁਲਵਿੰਦਰ ਕੌਰ ਜੀ, ਸ੍ਰ. ਨਰਿੰਦਰ ਸਿੰਘ ਜੀ, ਸ੍ਰ. ਭੁਪਿੰਦਰ ਸਿੰਘ ਜੀ, ਮੈਡਮ ਸਰਿਤਾ ਮੱਕੜ, ਸ੍ਰ. ਹਰਪਾਲ ਸਿੰਘ ਜੀ, ਤਰੁਨਦੀਪ ਸਿੰਘ ਜੀ ਆਦਿ ਮੈਂਬਰ ਮੌਜੂਦ ਸਨ।

Asr. G.P.O.No. PB0001/ 2021-23

ੴ ਸਤਿਗੁਰ ਪ੍ਰਸਾਦਿ।।

ਅੰਕ-149ਵਾਂ (2023)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

## ਤਤਕਰਾ


- ਸੰਪਾਦਕੀ 4
- ਚਾਲੀ ਸਿੰਘਾਂ ਨੂੰ ਮੁਕਤਿਆਂ ਦਾ ਖਿਤਾਬ 5
- ਨੌਂਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 12
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 14
- ਜ਼ਿੰਦਗੀ ਦੀਆਂ ਬਰੀਕੀਆਂ 15
- ਵਾਟਾਂ ਲੰਮੀਆਂ ਤੇ ਰਸਤਾ ਪਹਾੜ ਦਾ 17
- ਭਾਈ ਘਨੱਈਆ ਜੀ ਦਾ ਜੀਵਨ 18
- ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਚੌਵੀਵਾਂ ਭਾਗ- ਮਹਾਰਾਣੀ ਜਿੰਦ ਕੌਰ ਜੀ 22
- ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 28
- ਅਧਿਆਤਮਿਕ ਵਿਚਾਰਾਂ 30
- 400 ਸਾਲ ਗੁਰ ਇਤਿਹਾਸ ਦੇ ਨਾਲ 31
- ਅਨਮੋਲ ਬਚਨ 33
- भगता कउ बलिहारा 34
- जिंदगी की बारीकियाँ 41
- Perfect Guru is Attained... 43


**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰु. | ਸਲਾਨਾ ਚੰਦਾ | 1200 ਰु. |
| 2 ਸਾਲ ਲਈ | 300 ਰु. | 2 ਸਾਲ ਲਈ | 2400 ਰु. |
| 5 ਸਾਲ ਲਈ | 600 ਰु. | 5 ਸਾਲ ਲਈ | 4800 ਰु. |
| ਲਾਈਫ ਮੈਂਬਰਸ਼ਿਪ | 2400 ਰु. | ਲਾਈਫ ਮੈਂਬਰਸ਼ਿਪ | 19200 ਰु. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
*-ਸੰਪਾਦਕ*

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ ਹਰਿ ਭਉਜਲੁ ਪਾਰਿ ਉਤਾਰੀ ॥***

*(ਅੰਗ ੬੬੯)*

ਗੁਰੂ ਸਾਹਿਬ ਜੀ ਦੀ ਕਿਰਪਾ ਅਤੇ ਸਤਿਕਾਰਯੋਗ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਬੱਚਿਆਂ ਨੂੰ ਗੁਰਮਤਿ ਦੇ ਰਾਹ ਤੇ ਤੋਰਨ ਲਈ ਪਿਛਲੇ ਸਾਲ ਲਿਖਣ ਭਗਤੀ ਲਹਿਰ ਚਲਾਈ ਗਈ ਸੀ। ਇਸ ਲਹਿਰ ਵਿੱਚ ਬੱਚਿਆਂ ਨੇ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ ਤੇ ਪੂਰੇ ਭਾਰਤ ਵਿੱਚੋਂ ਤਕਰੀਬਨ 25000 ਬੱਚਿਆਂ ਨੇ ਵਾਹਿਗੁਰੂ ਗੁਰਮੰਤਰ ਜਾਪ ਲਿਖਣ ਅਤੇ ਇੱਕ ਵਾਰੀ ਲਿਖ ਕੇ ਅੱਗੋਂ 4 ਵਾਰ ਵਾਹਿਗੁਰੂ ਜਪਣ ਦੀ ਹਾਜ਼ਰੀ ਲਗਾਈ। ਜਦੋਂ ਵੱਖ-ਵੱਖ ਸ਼ਹਿਰਾਂ ਤੋਂ ਬੱਚਿਆਂ ਦੀਆਂ ਵਾਹਿਗੁਰੂ ਗੁਰਮੰਤਰ ਅਭਿਆਸ ਦੀਆਂ ਕਾਪੀਆਂ ਲੈਣ ਦੀ ਪ੍ਰਕ੍ਰਿਆ ਆਰੰਭ ਕੀਤੀ ਗਈ ਤੇ ਬੱਚਿਆਂ ਦੀਆਂ ਕਾਪੀਆਂ ਦੇਖ ਕੇ ਇੰਨੀ ਪ੍ਰਸੰਨਤਾ ਹੋਈ ਤੇ ਵਾਰ-ਵਾਰ ਮਨ ਖਿਆਲ ਵਿੱਚ ਆਇਆ ਕਿ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਥੋੜ੍ਹਾ ਜਿਹਾ ਸਾਨੂੰ ਸਾਰਿਆਂ ਨੂੰ ਯਤਨ ਕਰਨ ਦੀ ਲੋੜ ਹੈ, ਬੱਚਿਆਂ ਦੇ ਮਨ ਦੀ ਕੱਚੀ ਸਲੇਟ ਤੇ ਇਸ ਉਮਰ ਵਿੱਚ ਜੋ ਮਰਜ਼ੀ ਲਿਖ ਲਵੋ। ਅਜਿਹੇ ਬੱਚਿਆਂ ਨੇ ਵੀ ਹਾਜ਼ਰੀ ਲਗਾਈ ਜਿਨ੍ਹਾਂ ਦੀਆਂ ਅੱਖਾਂ ਦੀ ਜੋਤ ਨਹੀਂ ਪਰ ਅੰਦਰ ਆਪਣੇ ਗੁਰੂ ਪਿਤਾ ਲਈ ਅਥਾਹ ਪਿਆਰ ਸੀ ਤੇ ਕਈ ਬੱਚਿਆਂ ਨੇ ਬੜੀ ਸੁੰਦਰ ਲਿਖਾਈ ਵਿੱਚ ਵਾਹਿਗੁਰੂ ਗੁਰਮੰਤਰ ਜਾਪ ਲਿਖਣ ਦੀ ਹਾਜ਼ਰੀ ਲਗਾਈ। ਬੱਚਿਆਂ ਦੇ ਇਸ ਉਤਸ਼ਾਹ, ਉਨ੍ਹਾਂ ਦੇ ਇਸ ਅਭਿਆਸ ਅਤੇ ਉਨ੍ਹਾਂ ਦੇ ਮਾਤਾ-ਪਿਤਾ ਤੇ ਅਧਿਆਪਕਾਂ ਵੱਲੋਂ ਮਿਲੇ ਹੁੰਗਾਰੇ ਨੂੰ ਦੇਖਦਿਆਂ ਗੁਰੂ ਸਾਹਿਬ ਦੀ ਕਿਰਪਾ ਨਾਲ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਇਸ ਲਹਿਰ ਨੂੰ ਸਾਰੇ ਭਾਰਤ ਵਰਸ਼ ਵਿੱਚ ਦੁਬਾਰਾ ਆਰੰਭ ਕੀਤਾ ਗਿਆ ਹੈ।

ਇਸ ਲਹਿਰ ਦੇ ਤਿੰਨ ਗਰੁੱਪ ਬਣਾਏ ਹਨ। ਇੱਕ ਸਾਲ ਤੋਂ ਅੱਠ ਸਾਲ ਤੱਕ ਦੇ ਬੱਚਿਆਂ ਨੇ 13000 ਵਾਰੀ ਵਾਹਿਗੁਰ ਜਾਪੁ ਲਿਖਣਾ, ਨੌਂ ਸਾਲ ਤੋਂ ਚੌਦਾਂ ਸਾਲ ਤੱਕ ਦੇ ਬੱਚਿਆਂ ਨੇ 21000 ਵਾਰੀ ਅਤੇ ਪੰਦਰਾਂ ਸਾਲ ਜਾਂ ਇਸ ਤੋਂ ਉੱਪਰ ਉਮਰ ਦੇ ਸਾਰੇ ਬੱਚਿਆਂ ਤੇ ਵੱਡਿਆਂ ਨੇ 31000 ਵਾਰੀ ਵਾਹਿਗੁਰੂ ਜਾਪੁ ਲਿਖਣ ਦੀ ਹਾਜ਼ਰੀ ਲਗਾਉਣੀ ਹੈ ਜੀ। ਵੱਖ-ਵੱਖ ਸ਼ਹਿਰਾਂ ਤੋਂ, ਵੱਖ-ਵੱਖ ਪਿੰਡਾਂ ਤੋਂ ਪਿਛਲੀ ਵਾਰ ਦੀ ਤਰ੍ਹਾਂ ਇਸ ਵਾਰ ਵੀ ਬੱਚਿਆਂ ਵੱਲੋਂ ਬਹੁਤ ਉਤਸ਼ਾਹ ਦਿਖਾਇਆ ਜਾ ਰਿਹਾ ਹੈ। ਬੱਚਿਆਂ ਵਿੱਚ ਹੋਰ ਉਤਸ਼ਾਹ ਪੈਦਾ ਕਰਨ ਲਈ ਹਰ ਬੱਚੇ ਨੂੰ ਕਾਪੀ ਜਮ੍ਹਾਂ ਕਰਵਾਉਣ ਸਮੇਂ ਛੋਟਾ ਸਤਿਕਾਰ ਅਤੇ ਨਾਲ ਕੂਪਨ ਦਿੱਤਾ ਜਾਵੇਗਾ ਤੇ ਇਨ੍ਹਾਂ ਕੂਪਨਾਂ ਦਾ ਡਰਾਅ ਮਿਤੀ 8 ਅਪ੍ਰੈਲ, 2023 ਨੂੰ ਬੀਬੀ ਕੌਲਾਂ ਜੀ ਭਲਾਈ ਕੇਂਦਰ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੱਢਿਆ ਜਾਵੇਗਾ। ਵੱਡੇ ਇਨਾਮਾਂ ਵਿੱਚ ਕਈ ਆਕਰਸ਼ਿਕ ਇਨਾਮ ਵੀ ਰੱਖੇ ਗਏ ਹਨ।

ਅੱਜ ਲੋੜ ਹੈ, ਇਹੋ ਜਿਹੇ ਉਪਰਾਲਿਆਂ ਦੀ। ਇਹ ਇਨਾਮ, ਇਹ ਸਤਿਕਾਰ ਸਿਰਫ਼ ਬੱਚਿਆਂ ਅੰਦਰ ਉਤਸ਼ਾਹ ਜਗਾਉਣ ਲਈ ਹਨ। ਵਾਹਿਗੁਰੂ ਗੁਰਮੰਤਰ ਅਭਿਆਸ ਦੀ ਮਹਿਮਾ ਕਥਨ ਤੋਂ ਬਾਹਰ ਹੈ। ਇਹੋ ਜਿਹੇ ਛੋਟੇ-ਛੋਟੇ ਉਪਰਾਲਿਆਂ ਨਾਲ ਹੀ ਬੱਚਾ ਗੁਰਮਤਿ ਦੇ ਰਾਹ ਤੇ ਤੁਰਨ ਦਾ ਪਾਂਧੀ ਬਣਦਾ ਹੈ। ਉਸ ਨੂੰ ਸੋਝੀ ਹੁੰਦੀ ਹੈ ਕਿ ਉਸ ਦਾ ਜਨਮ ਇਸ ਧਰਤੀ ਤੇ ਕਿਸ ਵਾਸਤੇ ਹੋਇਆ ਹੈ। ਦੁਨਿਆਵੀ ਪੜ੍ਹਾਈ ਵੀ ਬਹੁਤ ਜ਼ਰੂਰੀ ਹੈ ਪਰ ਦੁਨਿਆਵੀ ਪੜ੍ਹਾਈ ਦੇ ਨਾਲ-ਨਾਲ ਇਹ ਅਭਿਆਸ ਵੀ ਬਹੁਤ ਜ਼ਰੂਰੀ ਹਨ। ਦੁਨਿਆਵੀ ਪੜ੍ਹਾਈ ਸਰੀਰ ਦੇ ਖਤਮ ਹੋਣ ਨਾਲ ਖਤਮ ਹੋ ਜਾਵੇਗੀ ਪਰ ਮਰਨ ਤੋਂ ਬਾਅਦ ਇਸ ਦਰਗਾਹੀ ਪੜ੍ਹਾਈ ਨੇ ਹੀ ਨਾਲ ਜਾਣਾ ਹੈ।

ਇਸ ਅਭਿਆਸ ਵਿੱਚ ਬੱਚਿਆਂ ਦੇ ਨਾਲ-ਨਾਲ ਬੱਚਿਆਂ ਦੇ ਮਾਤਾ-ਪਿਤਾ ਤੇ ਉਨ੍ਹਾਂ ਦੇ ਅਧਿਆਪਕ ਵੀ ਸਹਿਯੋਗ ਕਰਨ। ਉਹ ਆਪ ਵੀ ਇਸ ਪਾਸੇ ਤੁਰਨ ਤਾਂ ਕਿ ਬੱਚਿਆਂ ਅੰਦਰ ਹੋਰ ਜਾਗਰੂਕਤਾ ਆਵੇ, ਉਨ੍ਹਾਂ ਅੰਦਰ ਹੋਰ ਉਤਸ਼ਾਹ ਬਣੇ। ਪ੍ਰਚਾਰ ਕਰਨਾ ਕੇਵਲ ਗੁਰੂ ਪੰਥ ਦੇ ਪ੍ਰਚਾਰਕਾਂ ਦਾ ਕੰਮ ਨਹੀਂ। ਕਲਯੁੱਗ ਦੇ ਇਸ ਸਮੇਂ ਵਿੱਚ ਹਰ ਸਿੱਖ ਨੇ ਪ੍ਰਚਾਰਕ ਬਣਨਾ ਹੈ ਤੇ ਇਹੋ ਜਿਹੇ ਉਪਰਾਲਿਆਂ ਨਾਲ ਇੱਕ ਇਹੋ ਜਿਹਾ ਸਮਾਜ ਸਿਰਜਣਾ ਹੈ ਜਿਸ ਵਿੱਚੋਂ ਗੁਰਮਤਿ ਆਸ਼ੇ ਦੀ ਖੁਸ਼ਬੂ ਆਵੇ। ਜਦੋਂ ਹਰ ਸਿੱਖ ਦੇ ਅੰਦਰ ਇਹ ਤਮੰਨਾ ਉਤਪੰਨ ਹੋ ਜਾਵੇਗੀ ਤੇ ਫਿਰ ਕੋਈ ਵਿਸ਼ੇਸ਼ ਉਪਰਾਲੇ ਨਹੀਂ ਕਰਨੇ ਪੈਣਗੇ, ਸਹਿਜ ਸੁਭਾਅ ਹੀ ਹਰ ਪਰਿਵਾਰ ਵਿੱਚੋਂ ਗੁਰਮਤਿ ਦੀ ਮਹਿਕ ਦਿਖਾਈ ਦੇਵੇਗੀ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***—ਸੰਪਾਦਕ***

# ਚਾਲੀ ਸਿੰਘਾਂ ਨੂੰ ਮੁਕਤਿਆਂ ਦਾ ਖਿਤਾਬ

## (ਚਾਲੀ ਮੁਕਤਿਆਂ ਦੇ ਬੇਦਾਵਾ ਲਿਖਣ ਤੋਂ ਲੈ ਕੇ ਸ਼ਹੀਦੀ ਤੱਕ ਦੀ ਸਾਖੀ)

(Fourth VCD ਮਰਦ ਅਗੰਮੜਾ)

**ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ**

—ਜਸਵਿੰਦਰ ਸਿੰਘ
(ਪਟਿਆਲਾ)

*ਵਡਹੰਸੁ ਮਹਲਾ ੪ ਘਰੁ ੧*
*ੴ ਸਤਿਗੁਰ ਪ੍ਰਸਾਦਿ ॥*
*ਸੇਜ ਏਕ ਏਕੋ ਪ੍ਰਭੁ ਠਾਕੁਰੁ ॥*
*ਗੁਰਮੁਖਿ ਹਰਿ ਰਾਵੇ ਸੁਖ ਸਾਗਰੁ ॥੧॥*
*ਮੈ ਪ੍ਰਭ ਮਿਲਣ ਪ੍ਰੇਮ ਮਨਿ ਆਸਾ ॥*
*ਗੁਰੁ ਪੂਰਾ ਮੇਲਾਵੈ ਮੇਰਾ ਪ੍ਰੀਤਮੁ*
*ਹਉ ਵਾਰਿ ਵਾਰਿ ਆਪਣੇ ਗੁਰੂ ਕਉ ਜਾਸਾ ॥੧॥ ਰਹਾਉ ॥*
*ਮੈ ਅਵਗਣ ਭਰਪੂਰਿ ਸਰੀਰੇ ॥*
*ਹਉ ਕਿਉ ਕਰਿ ਮਿਲਾ ਅਪਣੇ ਪ੍ਰੀਤਮ ਪੂਰੇ ॥੨॥*
*ਜਿਨਿ ਗੁਣਵੰਤੀ ਮੇਰਾ ਪ੍ਰੀਤਮੁ ਪਾਇਆ ॥*
*ਸੇ ਮੈ ਗੁਣ ਨਾਹੀ ਹਉ ਕਿਉ ਮਿਲਾ ਮੇਰੀ ਮਾਇਆ ॥੩॥*
*ਹਉ ਕਰਿ ਕਰਿ ਥਾਕਾ ਉਪਾਵ ਬਹੁਤੇਰੇ ॥*
*ਨਾਨਕ ਗਰੀਬ ਰਾਖਹੁ ਹਰਿ ਮੇਰੇ ॥੪॥੧॥*

(ਅੰਗ ੫੬੦-੫੬੧)

ਗੁਰੂ ਪਿਆਰਿਓ! ਮਾਘ ਦੀ ਸੰਗਰਾਂਦ, ਸ੍ਰੀ ਮੁਕਤਸਰ ਸਾਹਿਬ ਵਿਖੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 40 ਮੁਕਤਿਆਂ ਦੀ ਟੁੱਟੀ ਗੰਢੀ। ਇਹ ਸਾਡੇ ਲਈ ਬੜੀ ਵੱਡੀ ਪ੍ਰੇਰਨਾ ਹੈ। ਗੁਰੂ ਤੋਂ ਬਿਨਾਂ ਜਿਉਣਾ ਔਖਾ ਹੈ, ਸਿਦਕ ਵਾਲੇ ਸਿੱਖ ਦਾ, ਪਿਆਰ ਵਾਲੇ ਸਿੱਖ ਦਾ। ਸਤਿਗੁਰੂ ਜੀ ਆਪ ਹੀ ਤਰਸ ਕਰਕੇ ਇਸ ਸਾਖੀ ਦੀ ਸੇਵਾ ਲੈਣ। ਹੱਥ ਜੋੜ ਕੇ ਬੇਨਤੀ ਹੈ ਕਿ ਸਾਖੀ ਸਰਵਣ ਕਰਦਿਆਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਗੁਰੂ ਕਲਗੀਆਂ ਵਾਲੇ ਪਿਤਾ ਜੀ ਦੇ ਦੀਦਾਰੇ ਕਰਨਾ ਤੇ ਨਾਲ ਆਪਣੀ-ਆਪਣੀ ਜੋਦੜੀ ਕਰਨਾ ਕਿ ਗੁਰੂ ਕਲਗੀਧਰ ਪਿਤਾ ਜੀ ਮੇਰੇ ਤੇ ਵੀ ਕਿਰਪਾ ਕਰੋ। ਟੁੱਟੀਆਂ ਨੂੰ ਗੰਢਣ ਵਾਲਿਆ, ਮੇਰੀ ਵੀ ਇਸ ਜਨਮ ਵਿੱਚ ਟੁੱਟੀ ਗੰਢ ਲਵੋ।

*ਗੁਰੁ ਪੂਰਾ ਮੇਲਾਵੈ ਮੇਰਾ ਪ੍ਰੀਤਮੁ*
*ਹਉ ਵਾਰਿ ਵਾਰਿ ਆਪਣੇ ਗੁਰੂ ਕਉ ਜਾਸਾ ॥੧॥ ਰਹਾਉ ॥*

(ਅੰਗ ੫੬੦)

ਸਾਰੇ ਆਪਣੀ ਸੁਰਤੀ ਨੂੰ ਲੈ ਜਾਓ ਸ੍ਰੀ ਅਨੰਦਪੁਰ ਸਾਹਿਬ। ਕਰੋ ਦੀਦਾਰੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸੁਰਤੀ ਨਾਲ।

*ਲਖ ਸੁਰਤੀ ਲਖ ਗਿਆਨ ਧਿਆਨ*
*ਪੜੀਅਹਿ ਪਾਠ ਪੁਰਾਣ ॥*

(ਅੰਗ ੪੬੭)

ਕੁਝ ਚਿਰ ਸ੍ਰੀ ਅਨੰਦਪੁਰ ਸਾਹਿਬ ਬੀਤਿਆ, ਅਮਨ ਚੈਨ ਦੇ ਨਾਲ। ਰਣਜੀਤ ਨਗਾਰੇ ਦਾ ਉਹ ਜੋਬਨ, ਮੁਗਲਾਂ ਅਤੇ ਪਹਾੜੀ ਰਾਜਿਆਂ ਕੋਲੋਂ ਗੁਰੂ ਘਰ ਦੀ ਚੜ੍ਹਦੀ ਕਲਾ ਸਹਾਰੀ ਨਹੀਂ ਗਈ ਤੇ ਹੁਣ ਮੁਗਲਾਂ ਤੇ ਪਹਾੜੀ ਰਾਜਿਆਂ ਨੇ ਰਲ ਕੇ ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ।

ਇਸ ਘੇਰੇ ਨੂੰ ਇੱਕ ਦਿਨ ਨਹੀਂ ਲੰਘਿਆ, ਕੋਈ ਇੱਕ ਹਫਤਾ ਨਹੀਂ ਲੰਘਿਆ, ਕੋਈ ਇੱਕ ਮਿੰਟ ਨਹੀਂ ਲੰਘਿਆ, ਗੁਰੂ ਪਿਆਰਿਓ! ਸੱਤ ਮਹੀਨੇ ਹੋ ਗਏ ਹਨ। ਫੌਜਾਂ ਦਾ ਘੇਰਾ ਹੈ। ਟੋਟਲ ਘੇਰਾ ਇਤਿਹਾਸ ਵਿੱਚ ਸੱਤ ਮਹੀਨੇ ਉਨੀਂ ਦਿਨ ਦਾ ਲਿਖਿਆ ਹੈ। ਇਹ ਸੱਤਵਾਂ ਮਹੀਨਾ ਸੀ ਤੇ ਕੁਝ ਸਿੱਖਾਂ ਦਾ ਸਿਦਕ ਤਾਂ ਕਾਇਮ ਰਿਹਾ ਪਰ ਕੁਝ ਸਿਦਕ ਤੋਂ ਡੋਲ ਗਏ। ਇਹ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਕੀ ਕਹਿੰਦੇ ਹਨ ਕਿ ਜੇ ਉਹ ਬਾਰ-ਬਾਰ ਸੁਲਾਹ ਕਰਨ ਆਉਂਦੇ ਹਨ ਤੇ ਮਹਾਰਾਜ ਜੀ ਸੁਲਾਹ ਕਰ ਲਈਏ। ਸਤਿਗੁਰੂ ਜੀ ਕਹਿੰਦੇ, ਝੂਠ ਬੋਲਦੇ ਹਨ। ਝੂਠੀ ਕਸਮ ਖਾਂਦੇ ਹਨ। ਸਤਿਗੁਰੂ ਜੀ ਜੇ ਫਿਰ ਕਿਲ੍ਹਾ ਨਹੀਂ ਛੱਡਣਾ ਤੇ ਫਿਰ ਇਉਂ ਕਰੋ, ਸਾਨੂੰ ਆਗਿਆ ਦੇ ਦਿਓ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹੱਸ ਪਏ ਤੇ ਹੱਸ ਕੇ ਕਹਿੰਦੇ ਹਨ, ਆਗਿਆ ਵੀ ਨਹੀਂ। ਕਿਲ੍ਹਾ ਵੀ ਨਹੀਂ ਛੱਡਣਾ ਤੇ ਤੁਹਾਨੂੰ ਆਗਿਆ ਵੀ ਨਹੀਂ ਦੇਣੀ। ਮੇਰੇ ਸਿੱਖੋ, ਕੀ ਇਹ ਸਮਾਂ ਆਗਿਆ ਮੰਗਣ ਦਾ ਹੈ? ਇਤਿਹਾਸ ਵਿੱਚ ਲਿਖਿਆ ਹੈ ਕਿ ਜਿਸ ਦਿਨ ਆਗਿਆ ਨਹੀਂ ਮਿਲੀ ਤੇ ਰਾਤ ਨੂੰ ਭਾਈ ਮਹਾਂ ਸਿੰਘ ਦੇ ਅੱਗੇ ਬਾਰ-ਬਾਰ ਕੀ ਸੀਨ ਸਾਹਮਣੇ ਆਉਂਦਾ ਹੈ ਕਿ ਮੇਰਾ ਬੱਚਾ ਤੋਤਲੀ ਅਵਾਜ਼ ਵਿੱਚ ਮੈਨੂੰ ਅਵਾਜ਼ਾਂ ਮਾਰ ਰਿਹਾ ਹੈ। ਕਿਹੜੇ ਵੇਲੇ ਘਰ ਜਾਵਾਂ ਤੇ ਉਸ ਨੂੰ ਗਲਵਕੜੀ ਵਿੱਚ ਲਵਾਂ। ਮਨ ਵਿੱਚ ਹਲਕੇ ਵੀਚਾਰਾਂ ਨੇ ਜਨਮ ਲੈ ਲਿਆ ਤੇ ਸੋਚਦੇ ਹਨ ਇਹ ਚੰਗੇ ਗੁਰੂ ਹਨ ਕਿ ਆਗਿਆ ਹੀ ਨਹੀਂ ਦਿੰਦੇ। ਸਾਰੀ ਸੰਗਤ ਅਰਦਾਸ ਕਰਨਾ, ਹੇ ਗੁਰੂ ਕਲਗੀਧਰ ਪਿਤਾ ਜੀ! ਹੋਰ ਜੋ ਮਰਜ਼ੀ ਚਲਾ ਜਾਵੇ ਪਰ ਸਾਡਾ ਕਿਤੇ ਸਿਦਕ ਨਾ ਚਲਾ ਜਾਵੇ। ਜਦੋਂ ਤੁਹਾਡਾ ਸਿਦਕ ਜਾਏਗਾ ਤੇ ਅੰਦਰੋਂ ਗੁਰੂ ਦੇ ਲਈ ਖਿਆਲ ਹਲਕੇ ਆ ਜਾਣਗੇ। ਸਮਝ ਲੈਣਾ ਕਿ ਜ਼ਿੰਦਗੀ ਦਾ ਉਹ ਸਭ ਤੋਂ ਭੈੜਾ ਸਮਾਂ ਹੈ। ਸਿਦਕ ਵਾਲਾ ਗੁਰੂ ਲਈ ਹਰ ਵੇਲੇ ਉੱਤਮ ਖਿਆਲ ਰੱਖਦਾ ਹੈ, ਸਤਿਗੁਰੂ ਜੀ ਤੁਸੀਂ ਸਮਰੱਥ ਹੋ, ਤੁਸੀਂ ਪੂਰੇ ਹੋ। ਸਿਦਕ ਤੋਂ ਹੀਣੇ ਅੰਦਰ ਖਿਆਲ ਹਲਕੇ ਆਉਣ ਲੱਗ ਪੈਂਦੇ ਹਨ। ਅਗਲੇ ਦਿਨ ਫਿਰ ਆ ਗਿਆ। ਆਗਿਆ ਮੰਗੀਂ ਤੇ ਆਗਿਆ ਨਾ ਮਿਲੀ ਤੇ ਸੀਨ ਫਿਰ ਸਾਹਮਣੇ ਆ ਰਿਹਾ ਹੈ ਕਿ ਉਹੀ ਤੋਤਲੀਆਂ ਗੱਲਾਂ, ਬੱਚਾ ਵੱਡਾ ਹੋ ਗਿਆ ਹੋਣਾ ਹੈ ਤੇ ਹੋਰ ਕਈ ਕੁਝ ਖਿਆਲ ਉਸਦੇ ਸਾਹਮਣੇ ਆਉਣ ਤੇ ਮਨ ਵਿੱਚ ਖਿਆਲ ਇੱਥੋਂ ਤੱਕ ਨੀਵੇਂ ਆਉਣ ਲੱਗ ਪਏ ਕਿ ਗੁਰੂ ਸਾਹਿਬ ਆਪ ਤੇ ਆਪਣੇ ਪਰਿਵਾਰ ਵਿੱਚ ਬੈਠੇ ਹਨ ਤੇ ਸਾਨੂੰ ਪਰਿਵਾਰ ਤੋਂ ਲਾਂਭੇ ਰੱਖ ਕੇ ਕਹਿੰਦੇ ਹਨ, ਕਿਲ੍ਹਾ ਵੀ ਨਹੀਂ ਛੱਡਣਾ ਤੇ ਆਗਿਆ ਵੀ ਨਹੀਂ ਦੇਣੀ। ਹੋਰ ਖਿਆਲ ਨੀਵੇਂ। ਅਗਲੇ ਦਿਨ ਫਿਰ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਪਰ ਆਗਿਆ ਨਾ ਮਿਲੀ ਤੇ ਤੀਜੇ ਦਿਨ ਫਿਰ ਭਾਈ ਮਹਾਂ ਸਿੰਘ ਜੀ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਜੇ ਕਿਲ੍ਹਾ ਨਹੀਂ ਛੱਡਣਾ ਤੇ ਸਾਨੂੰ ਜਾਣ ਦਿਓ। ਮੇਰੇ ਮਹਾਰਾਜ ਜੀ ਕਹਿੰਦੇ ਹਨ, ਸਿੱਖੋ ਕੀ ਇਹ ਸਮਾਂ ਆਗਿਆ ਮੰਗਣ ਦਾ ਹੈ। ਸਤਿਗੁਰੂ ਜੀ ਕਹਿੰਦੇ, "ਜੇ ਤੁਸੀਂ ਬਚ ਗਏ ਤਾਂ ਵੀ ਰਾਜ ਕਰੋਗੇ, ਜੇ ਸ਼ਹੀਦੀਆਂ ਪਾਓਗੇ ਤਾਂ ਵੀ ਅਗਲੀ ਦਰਗਾਹ ਵਿੱਚ ਰਾਜ ਕਰੋਗੇ।" ਅੰਦਰ ਦੀ ਗੱਲ ਬੁਝ ਲਈ ਤੇ ਗੁਰੂ ਕਲਗੀਧਰ ਪਾਤਸ਼ਾਹ ਜੀ ਕਹਿੰਦੇ ਹਨ, ਇਹ ਨਾ ਸਮਝੋ ਕਿ ਮੈਂ ਆਪਣੇ ਸਾਹਿਬਜ਼ਾਦੇ ਅਜੀਤ ਸਿੰਘ ਨੂੰ ਬਚਾ ਲਵਾਂਗਾ ਤੇ ਤੁਹਾਨੂੰ ਸ਼ਹੀਦ ਕਰਵਾਵਾਂਗਾ। ਉਹ ਵੀ ਵਿੱਚ ਹੋਵੇਗਾ ਤੇ ਮੈਂ ਵੀ ਵਿੱਚ ਹੋਵਾਂਗਾ। ਮਾੜਾ ਜਿਹਾ ਅਸਰ ਹੋਇਆ ਪਰ ਖਿਆਲ ਸਿਦਕ ਤੋਂ ਨੀਵੇਂ। ਇਹੋ ਜਿਹਾ ਸਮਾਂ ਕਿਤੇ ਆ ਜਾਵੇ, ਉਸ ਵੇਲੇ ਝੋਲੀਆਂ ਅੱਡ-ਅੱਡ ਅਰਦਾਸ ਕਰਿਆ ਕਰੋ, ਸਤਿਗੁਰੂ ਜੀ ਹੋਰ ਜੋ ਕੁਝ ਮਰਜ਼ੀ ਚਲਾ ਜਾਵੇ, ਪਰ ਮੇਰਾ ਸਿੱਖੀ ਸਿਦਕ ਨਾ ਜਾਵੇ। ਬਾਬਾ ਈਸ਼ਰ ਸਿੰਘ

ਜੀ ਪੜ੍ਹਾਉਂਦੇ ਸੀ:

***ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ।***

ਸ਼ਾਇਦ ਅਰਦਾਸ ਕਰਦਾ, ਸਿਦਕ ਵਾਲਿਆ, ਸਿਦਕ ਆਪ ਬਖਸ਼ ਤੇ ਜ਼ਰੂਰ ਸੁਣੀ ਜਾਂਦੀ ਪਰ ਉਹ ਅਰਦਾਸ ਵੀ ਨਾ ਨਿਕਲੀ। ਚੌਥੇ ਦਿਨ ਫਿਰ ਗੁਰੂ ਸਾਹਿਬ ਜੀ ਨੂੰ ਭਾਈ ਮਹਾਂ ਸਿੰਘ ਜੀ ਨੇ ਬੇਨਤੀ ਕੀਤੀ, ਸਤਿਗੁਰੂ ਜੀ! ਜਾਂ ਕਿਲ੍ਹਾ ਛੱਡੋ ਜਾਂ ਫਿਰ ਮੈਨੂੰ ਆਗਿਆ ਦਿਓ। ਮਹਾਰਾਜ ਜੀ ਨੇ ਵੇਖਿਆ ਚੌਥਾ ਦਿਨ ਹੋ ਗਿਆ ਹੈ। ਸਤਿਗੁਰੂ ਜੀ ਕਹਿੰਦੇ, ਫਿਰ ਸਾਡੇ ਵੱਲੋਂ ਤਾਂ ਆਗਿਆ ਨਹੀਂ ਪਰ ਜੇ ਤੁਸੀਂ ਬਾਰ-ਬਾਰ ਕਹਿੰਦੇ ਹੋ, ਆਗਿਆ ਦਿਓ ਤਾਂ ਸਾਨੂੰ ਲਿਖ ਕੇ ਦੇ ਦਿਓ, ਫਿਰ ਆਗਿਆ ਹੈ। ਭਾਈ ਮਹਾਂ ਸਿੰਘ ਜੀ ਨੇ ਪੁੱਛਿਆ, ਕੀ ਲਿਖੀਏ? ਸਤਿਗੁਰੂ ਜੀ ਕਹਿੰਦੇ ਇਹ ਲਿਖ ਦਿਓ ਕਿ ਤੂੰ ਸਾਡਾ ਗੁਰੂ ਨਹੀਂ ਤੇ ਅਸੀਂ ਤੇਰੇ ਸਿੱਖ ਨਹੀਂ। ਸਿਦਕ ਟੁੱਟ ਚੁੱਕਾ ਸੀ। ਸਿਦਕ ਕਾਇਮ ਹੁੰਦਾ ਤੇ ਕਦੀ ਉਹ ਕਲਮ ਨਾ ਚੁੱਕੀ ਜਾਂਦੀ ਜਿਹੜੀ ਇਹ ਲਿਖਦੀ ਪਰ ਕਲਮ ਨੇ ਲਿਖ ਦਿੱਤਾ ਕਿ ਤੂੰ ਸਾਡਾ ਗੁਰੂ ਨਹੀਂ ਤੇ ਅਸੀਂ ਤੇਰੇ ਸਿੱਖ ਨਹੀਂ। ਜਦੋਂ ਲਿਖਿਆ ਤੇ ਮਹਾਰਾਜ ਜੀ ਕਹਿੰਦੇ, ਥੱਲੇ ਸਾਈਨ ਵੀ ਕਰ ਦੇ। ਅੱਖਰ ਪਾ ਦੇ ਆਪਣੇ ਨਾਂ ਦਾ। ਜਦੋਂ ਅੱਖਰ ਪਾਏ, ਸਾਈਨ ਕੀਤੇ ਤੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ, ਜਿਹੜਾ ਵੀ ਇਸ ਨਾਲ ਹੁਣ ਜਾਣਾ ਚਾਹੁੰਦਾ ਹੈ, ਇੱਥੇ ਸਾਈਨ ਕਰੀ ਜਾਓ ਤੇ ਜਾਈ ਜਾਓ। ਇਹ ਮੁੱਖੀ ਸੀ ਤੇ ਚਾਲੀ ਸਿੰਘਾਂ ਨੇ ਸਾਈਨ ਕਰ ਦਿੱਤੇ। ਕੈਸੀ ਆਪਸ ਵਿੱਚ ਸੰਗਤ ਹੋ ਗਈ, ਗੁਰੂ ਦੀ ਗੋਦ ਵਿੱਚ ਰਹਿਣ ਵਾਲੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਸ਼ਨ ਕਰਨ ਵਾਲੇ, ਅੱਜ ਆਪਣੇ ਹੱਥੀਂ ਲਿਖ ਕੇ ਦੇ ਰਹੇ ਹਨ, ਤੂੰ ਸਾਡਾ ਗੁਰੂ ਨਹੀਂ ਤੇ ਅਸੀਂ ਤੇਰੇ ਸਿੱਖ ਨਹੀਂ। ਜਦੋਂ ਸਾਈਨ ਕਰ ਦਿੱਤੇ, ਜਦੋਂ ਜਾ ਰਹੇ ਹਨ ਤੇ ਮਹਾਰਾਜ ਜੀ ਬਾਕੀ ਦੇ ਸਿੰਘਾਂ ਨੂੰ ਕਹਿੰਦੇ, ਤੁਹਾਡੇ ਵਿੱਚੋਂ ਕੋਈ ਜਾਣਾ ਚਾਹਵੇ, ਭਾਈ ਜਾ ਸਕਦਾ ਹੈ। ਬਾਕੀ ਮੈਂ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ, ਫਤਹਿ ਸਿੰਘ ਨੂੰ ਇਹ ਨਹੀਂ ਕਿ ਬਚਾ ਲਵਾਂਗਾ, ਉਹ ਵੀ ਨਾਲ ਹਨ। ਕਿਉਂਕਿ ਦਰਗਾਹ 'ਚੋਂ ਡਿਊਟੀ ਲੈ ਕੇ ਆਏ ਸੀ। ਇਸ ਡਿਊਟੀ ਨੂੰ ਮਹਾਰਾਜ ਜੀ ਨੇ ਆਪ ਆਪਣੇ ਪਾਵਨ ਮੁੱਖ ਵਿੱਚੋਂ ਉਚਾਰਿਆ ਹੈ:

***ਹਮ ਇਹ ਕਾਜ ਜਗਤ ਮੋ ਆਏ ॥***
***ਧਰਮ ਹੇਤ ਗੁਰਦੇਵ ਪਠਾਏ ॥***
***ਜਹਾਂ ਤਹਾਂ ਤੁਮ ਧਰਮ ਬਿਥਾਰੋ ॥***
***ਦੁਸਟ ਦੋਖਿਅਨਿ ਪਕਰਿ ਪਛਾਰੋ ॥੪੨॥***
***ਯਾਹੀ ਕਾਜ ਧਰਾ ਹਮ ਜਨਮੰ ॥***
***ਸਮਝ ਲੇਹੁ ਸਾਧੂ ਸਭ ਮਨਮੰ ॥***
***ਧਰਮ ਚਲਾਵਨ ਸੰਤ ਉਬਾਰਨ ॥***
***ਦੁਸਟ ਸਭਨ ਕੋ ਮੂਲ ਉਪਾਰਨ ॥੪੩॥***

***(ਸ੍ਰੀ ਦਸਮ ਗ੍ਰੰਥ ਸਾਹਿਬ)***

ਇੱਕ ਗੱਲ ਯਾਦ ਰੱਖਣਾ, ਗੁਰੂ ਤੇ ਉਸ ਦੇ ਪਿਆਰਿਆਂ ਦੀ ਧੁਰ ਤੋਂ ਡਿਊਟੀ ਲੱਗੀ ਹੁੰਦੀ ਹੈ। ਪ੍ਰੋਗਰਾਮ ਬਣਦੇ ਹਨ, ਧੁਰ ਤੋਂ ਕਿ ਸੰਸਾਰ ਤੇ ਕਿਹੜੀ ਡਿਊਟੀ ਜਾ ਕੇ ਦੇਣੀ ਹੈ। ਵਕਤ ਦੀ ਹਕੂਮਤ ਦੋ ਧਰਮਾਂ ਤੋਂ ਇੱਕ ਧਰਮ ਬਣਾਉਣ ਦੀ ਕੋਸ਼ਿਸ਼ ਵਿੱਚ ਸੀ। ਔਰੰਗਜ਼ੇਬ ਕਹਿੰਦਾ ਹੈ, ਦੋ ਧਰਮਾਂ ਤੋਂ ਮੈਂ ਇੱਕ ਧਰਮ ਬਣਾਉਣਾ ਹੈ, ਲੇਕਿਨ ਸਾਹਿਬ-ਏ-ਕਮਾਲ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਦੋ ਧਰਮਾਂ ਤੋਂ ਇੱਕ ਧਰਮ ਨਹੀਂ, ਇਹ ਦੋ ਧਰਮਾਂ ਤੋਂ ਤਿੰਨ ਧਰਮ ਬਣਨੇ ਹਨ।

***ਇਉਂ ਤੀਸਰ ਪੰਥ ਰਚਾਇਅਨੁ ਵਡ ਸੂਰ ਗਹੇਲਾ ॥***
***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥੧੬॥***

***(ਵਾਰ ੪੧, ਪਉੜੀ ੧੬)***

ਇਸ ਪ੍ਰੋਗਰਾਮ ਨੂੰ ਸਾਡੇ ਵਰਗੀ ਮਤ ਕੀ ਜਾਣੇ। ਇਹ ਚਾਲੀ ਸਿੰਘਾਂ ਨੇ ਸਾਈਨ ਕੀਤੇ ਤੇ ਨਿਕਲ ਗਏ। ਹੁਣ ਜਦੋਂ ਗਏ ਤੇ ਰਸਤੇ ਵਿੱਚ ਕੁਝ

ਪਛਤਾਵਾ ਲੱਗੇ ਕਿ ਕਿਉਂ ਆਏ ਹਾਂ ਪਰ ਸਿਦਕ ਇੰਨਾ ਟੁੱਟ ਚੁੱਕਾ ਸੀ ਕਿ ਰਸਤੇ ਵਿੱਚ ਕੀ ਆਖਦੇ ਹਨ, ਬੜੇ ਚੰਗੇ ਵੇਲੇ ਨਿਕਲ ਆਏ ਹਾਂ। ਆਪਸ ਵਿੱਚ ਇੰਨਾ ਸਿਦਕ ਚਾਲੀਆਂ ਦਾ ਡਿੱਗ ਚੁੱਕਾ ਹੈ, ਕਹਿੰਦੇ ਕਿ ਬੜੇ ਚੰਗੇ ਵੇਲੇ ਨਿਕਲ ਆਏ ਹਾਂ। ਮਨ ਵਿੱਚ ਇਤਨੀ ਹਲਕੀ ਸੋਚ ਨੇ ਜਨਮ ਲੈ ਲਿਆ ਕਿ ਆਪਸ ਵਿੱਚ ਇੱਥੋਂ ਤੱਕ ਕਹਿੰਦੇ ਆਉਂਦੇ ਹਨ ਕਿ ਹੁਣ ਤਾਂ ਗੁਰੂ ਵੀ ਚੰਦ ਦਿਨਾਂ ਦਾ ਉੱਥੇ ਪ੍ਰਾਹੁਣਾ ਹੈ। ਅਰਦਾਸ ਕਰਨਾ :

***ਸਿਰ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ।***

ਹੁਣ ਬੜੀ ਖੁਸ਼ੀ ਨਾਲ ਆਪਣੇ-ਆਪਣੇ ਘਰਾਂ ਨੂੰ ਜਾ ਰਹੇ ਹਨ ਕਿ ਕਿਲ੍ਹੇ ਦੇ ਘੇਰੇ ਵਿੱਚੋਂ ਬੱਚ ਕੇ ਨਿਕਲ ਆਏ ਹਾਂ। ਮਾਝੇ ਦਾ ਇਲਾਕਾ ਵੱਖਰਾ ਹੈ। ਮਾਲਵੇ ਦਾ ਇਲਾਕਾ ਵੱਖਰਾ ਹੈ। ਭਾਈ ਮਹਾਂ ਸਿੰਘ ਉਨ੍ਹਾਂ ਦਾ ਮੁੱਖੀ ਸੀ, ਝਬਾਲ ਵਾਲੇ ਬੰਨੇ ਇਹ ਮਾਝੇ ਦਾ ਇਲਾਕਾ ਪੈਂਦਾ ਹੈ। ਜਦੋਂ ਪਹੁੰਚੇ ਤੇ ਹਰ ਕੋਈ ਆਪਣੇ-ਆਪਣੇ ਘਰ ਜਾ ਰਿਹਾ ਸੀ ਤੇ ਚਾਂਈਂ-ਚਾਂਈਂ ਭਾਈ ਮਹਾਂ ਸਿੰਘ ਨੇ ਬੂਹਾ ਖੜਕਾਇਆ, ਮਨ ਵਿੱਚ ਚਾਅ ਸੀ ਘਰ ਜਾਵਾਂ, ਪੁੱਤਰ ਦਾ ਮੂੰਹ ਦੇਖਾਂ, ਪਿਤਾ ਨੂੰ ਮਿਲਾਂ, ਮਾਤਾ ਨੂੰ ਮਿਲਾਂ, ਪਤਨੀ ਨੂੰ ਮਿਲਾਂ। ਜਦੋਂ ਬੂਹਾ ਖੜਕਾਇਆ, ਪਿਤਾ ਦੀ ਨਜ਼ਰ ਬਹੁਤੀ ਨਹੀਂ ਸੀ ਤੇ ਅਵਾਜ਼ ਦਿੰਦਾ ਹੈ, ਬਈ, ਬੂਹਾ ਖੜਕ ਰਿਹਾ ਹੈ ਤੇ ਨਾਲੇ ਅਵਾਜ਼ ਆ ਰਹੀ ਹੈ, ਮੈਨੂੰ ਤਾਂ ਇੰਝ ਲੱਗਦਾ ਪਿਆ ਹੈ, ਮੇਰੇ ਪੁੱਤਰ ਦੀ ਅਵਾਜ਼ ਹੈ। ਧੀਏ, ਬੂਹਾ ਖੋਲ੍ਹ ਜਲਦੀ। ਜਲਦੀ ਬੂਹਾ ਖੋਲ੍ਹ। ਜਿਹੜੀਆਂ ਅੱਖਾਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਸ਼ਨ ਕਰਕੇ ਆਈਆਂ ਹਨ, ਉਨ੍ਹਾਂ ਅੱਖਾਂ ਦੇ ਮੈਂ ਵੀ ਦਰਸ਼ਨ ਕਰਾਂ। ਬੂਹਾ ਖੋਲ੍ਹਿਆ ਤੇ ਭਾਈ ਮਹਾਂ ਸਿੰਘ ਜਦੋਂ ਅੰਦਰ ਗਏ ਤੇ ਪਿਤਾ ਬਜ਼ੁਰਗ ਪੁੱਛਦਾ ਹੈ, ਮਹਾਂ ਸਿੰਘ, ਮੇਰੇ ਧੰਨ ਭਾਗ, ਤੇਰੀਆਂ ਅੱਖਾਂ ਨੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਸ਼ਨ ਕੀਤੇ ਹਨ ਤੇ ਮੈਨੂੰ ਤੇਰੀਆਂ ਅੱਖਾਂ ਦੇ ਦਰਸ਼ਨ ਹੋ ਰਹੇ ਹਨ। ਹੁਣ ਮਹਾਂ ਸਿੰਘ ਚੁੱਪ। ਇਧਰੋਂ ਮਾਤਾ ਆ ਰਹੀ ਹੈ, ਸੋਟੀ ਹੱਥ ਵਿੱਚ ਫੜੀ, ਮੇਰਾ ਪੁੱਤਰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਇੰਨਾ ਚਿਰ ਸੇਵਾ ਕਰਕੇ ਆਇਆ ਹੈ। ਪੁੱਤਰ ਜੀ! ਗੁਰੂ ਸਾਹਿਬ ਦੀ ਗੱਲ ਸੁਣਾ। ਭਾਈ ਮਹਾਂ ਸਿੰਘ ਜੀ ਅੰਦਰੋਂ ਸ਼ਰਮਿੰਦੇ, ਚੁੱਪ। ਕਹਿੰਦੇ ਭੈਣ ਪਾਣੀ ਲੈ ਕੇ ਆ ਰਹੀ ਹੈ, ਭਰਾ ਆਇਆ ਹੈ, ਗੁਰੂ ਕਲਗੀਧਰ ਪਿਤਾ ਜੀ ਦੇ ਚਰਨਾਂ ਵਿੱਚ ਸੇਵਾ ਕਰਕੇ, ਜਲ ਛਕਾਵਾਂ। ਤੇ ਫਿਰ ਪਿਤਾ ਕਹਿੰਦਾ ਹੈ, ਮਹਾਂ ਸਿੰਘ, ਕੁਝ ਬੋਲਦਾ ਨਹੀਂ ਪਿਆ। ਚੁੱਪ ਕਿਉਂ ਖੜ੍ਹਾ ਹੈਂ? ਕੋਈ ਸ੍ਰੀ ਅਨੰਦਪੁਰ ਸਾਹਿਬ ਦੀ ਗੱਲ ਸੁਣਾ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਗੱਲ ਸੁਣਾ। ਮੇਰੇ ਕੰਨ ਤਰਸਦੇ ਪਏ ਹਨ, ਮੇਰੇ ਪਾਤਸ਼ਾਹ ਜੀ ਦੀ ਗੱਲ ਸੁਣਨ ਨੂੰ ਤੇ ਭਾਈ ਮਹਾਂ ਸਿੰਘ ਚੁੱਪ ਕੀ ਆਖੇ, ਮੈਂ ਬੇਦਾਵਾ ਲਿਖ ਕੇ ਦੇ ਆਇਆ ਹਾਂ। ਪਿਤਾ ਕਹਿੰਦਾ ਹੈ, ਮਹਾਂ ਸਿੰਘ ਤੇਰੀ ਚੁੱਪ ਤੋਂ ਮੈਨੂੰ ਡਰ ਲੱਗਦਾ ਹੈ। ਕੁਝ ਗੱਲ ਹੈ। ਭਾਈ ਵੀਰ ਸਿੰਘ ਜੀ ਨੇ ਲਫਜ਼ ਲਿਖੇ ਹਨ, ਉਸ ਵੇਲੇ ਪਿਤਾ ਕਹਿੰਦਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਸੁੱਖ-ਸਾਂਦ ਹੈ? ਤੂੰ ਜੋ ਘਰ ਆ ਗਿਆ ਹੈਂ। ਜਾਂ ਤਾਂ ਸੁਲਾਹ ਹੋ ਗਈ ਹੈ ਜਾਂ ਜੰਗ ਮੁੱਕ ਗਈ ਹੈ ਤਾਂ ਹੀ ਘਰ ਆਇਆ ਹੈਂ। ਅੰਦਰ ਚਪੇੜਾਂ ਵੱਜ ਰਹੀਆਂ ਹਨ। ਜਦੋਂ ਮਾਂ-ਪਿਓ ਬਾਰ-ਬਾਰ ਪੁੱਛਦੇ ਹਨ, ਗੁਰੂ ਸਾਹਿਬ ਦੀ ਗੱਲ ਸੁਣਾ, ਜੰਗ ਦਾ ਕੀ ਬਣਿਆ? ਸੁਲਾਹ ਹੋ ਗਈ ਹੈ, ਜਿੱਤ ਹੋ ਗਈ ਹੈ ਤੇ ਭਾਈ ਮਹਾਂ ਸਿੰਘ ਕਹਿੰਦੇ ਹਨ ਕਿ ਅਜੇ ਤਾਂ ਕਿਲ੍ਹੇ ਨੂੰ ਘੇਰਾ ਪਿਆ ਹੋਇਆ ਹੈ। ਤੇ ਫਿਰ ਤੂੰ ਘਰ ਕਿਵੇਂ? ਜਦੋਂ ਮੁੱਖ ਵਿੱਚੋਂ ਨਿਕਲਿਆ, ਮੈਂ ਤਾਂ ਬੇਦਾਵਾ ਲਿਖ ਕੇ ਦੇ ਆਇਆ ਹਾਂ ਗੁਰੂ ਨੂੰ ਕਿ ਤੂੰ ਸਾਡਾ ਗੁਰੂ ਨਹੀਂ, ਅਸੀਂ ਤੇਰੇ ਸਿੱਖ ਨਹੀਂ। ਇਤਿਹਾਸ ਵਿੱਚ ਲਿਖਿਆ ਹੈ, ਪਿਤਾ ਬੇਹੋਸ਼ ਹੋ ਕੇ ਡਿੱਗ ਪਿਆ ਤੇ ਮਾਤਾ ਜੀ ਦੇ ਮੁੱਖ ਵਿੱਚੋਂ

ਨਿਕਲਿਆ, ਜਗਤ ਮੈਨੂੰ ਕੀ ਕਹੇਗਾ, ਤੇਰੇ ਵਰਗੇ ਕਲੰਕ ਦੀ ਮਾਂ ਹਾਂ ਮੈਂ। ਭੈਣ ਪਾਣੀ ਵੀ ਵਾਪਸ ਲੈ ਗਈ ਕਿ ਜਿਹੜਾ ਗੁਰੂ ਤੋਂ ਬੇਮੁੱਖ ਹੋ ਕੇ ਆ ਗਿਆ ਹੈ, ਕੀ ਉਸ ਨੂੰ ਪਾਣੀ ਪਿਲਾਵਾਂ। ਭਾਈ ਮਹਾਂ ਸਿੰਘ ਜੀ ਨੂੰ ਅੱਜ ਪਤਾ ਲੱਗਾ ਕਿ ਗੁਰੂ ਦਾ ਹੱਥ ਸਿਰ ਤੋਂ ਉੱਠ ਗਿਆ ਤੇ ਸਾਰਾ ਜ਼ਮਾਨਾ ਹੀ ਆਪਣਾ ਨਹੀਂ ਰਿਹਾ।

*ਬਿਨੁ ਗੁਰ ਪੂਰੇ ਨਾਹੀ ਉਧਾਰੁ ॥*
*ਬਾਬਾ ਨਾਨਕੁ ਆਖੈ ਏਹੁ ਬੀਚਾਰੁ ॥੨॥੧੧॥*
*(ਅੰਗ ੮੬੪)*

ਤਾਅਨੇ ਵੱਜ ਰਹੇ ਹਨ। ਅਸੀਂ ਤਾਂ ਖੁਸ਼ੀ-ਖੁਸ਼ੀ ਘਰ ਆ ਰਹੇ ਸਾਂ ਤੇ ਇੱਥੇ ਤਾਂ ਸਾਨੂੰ ਕਿਸੇ ਨੇ ਮੂੰਹ ਵੀ ਨਹੀਂ ਲਗਾਇਆ। ਇਹ ਹਕੀਕਤ ਹੈ, ਪਿਆਰਿਓ। ਇੱਕ ਗੁਰੂ ਵੱਲ ਨਹੀਂ ਤੇ ਕੋਈ ਵੀ ਵੱਲ ਨਹੀਂ। ਅਰਦਾਸ ਕਰੋ ਕਿ ਇੱਕ ਉਹ ਵੱਲ ਰਹੇ।

*ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥*
*(ਅੰਗ ੫੧੯)*

*ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ ॥*
*(ਅੰਗ ੧੩੯੯)*

ਜੇ ਗੁਰੂ ਸਾਹਿਬ ਵੱਲ ਨਹੀਂ ਤੇ ਕੁਝ ਵੀ ਵੱਲ ਨਹੀਂ। ਇਹ ਗੱਲ ਇਕੱਲੇ ਭਾਈ ਮਹਾਂ ਸਿੰਘ ਜੀ ਨਾਲ ਨਹੀਂ ਵਾਪਰੀ ਸਗੋਂ ਸਾਰੇ ਚਾਲੀ ਸਿੰਘਾਂ ਨਾਲ ਵਾਪਰੀ ਹੈ। ਫਿਰ ਅਗਲੇ ਦਿਨ ਗੁਰਦੁਆਰਾ ਸਾਹਿਬ ਚਾਲੀ ਦੇ ਚਾਲੀ ਇਕੱਠੇ ਹੋਏ ਤੇ ਹਰ ਕੋਈ ਆਪਣੀ ਗੱਲ ਦੱਸ ਰਿਹਾ ਹੈ ਕਿ ਮੇਰੇ ਪਰਿਵਾਰ ਨੇ ਮੇਰੇ ਨਾਲ ਇੰਞ ਕੀਤਾ। ਸਾਰਿਆਂ ਨੂੰ ਮਹਿਸੂਸ ਹੋ ਰਿਹਾ ਹੈ ਕਿ ਅਸੀਂ ਗੁਰੂ ਸਾਹਿਬ ਨੂੰ ਛੱਡ ਕੇ ਕਿਉਂ ਆਏ? ਜਦੋਂ ਗੁਰਦੁਆਰੇ ਸਾਹਿਬ ਇਕੱਠੇ ਹੋਏ, ਉਸ ਵੇਲੇ ਕਥਾ ਵੀ ਇਹੋ ਚੱਲ ਰਹੀ ਸੀ ਕਿ ਛੇ ਤਰ੍ਹਾਂ ਦੀ ਹੱਤਿਆ ਹੈ। ਇਹ ਕੁਦਰਤੀ ਗੱਲ ਹੈ। ਤਕਰੀਬਨ ਅੰਦਰ ਦੀ ਗੱਲ ਦਾ ਜਵਾਬ ਸੰਗਤ ਵਿੱਚੋਂ ਹੀ ਮਿਲ ਜਾਂਦਾ ਹੈ। ਇਹ ਚਾਲੀ ਦੇ ਚਾਲੀ ਗੁਰਦੁਆਰਾ ਸਾਹਿਬ ਇਕੱਠੇ ਹੋਏ ਤੇ ਸਾਧ ਸੰਗਤ ਜੀ ਉਸ ਵੇਲੇ ਗੁਰਦੁਆਰਾ ਸਾਹਿਬ ਦੇ ਭਾਈ ਸਾਹਿਬ ਕਥਾ ਕਰ ਰਹੇ ਸੀ ਤੇ ਪ੍ਰਸੰਗ ਚੱਲ ਰਿਹਾ ਸੀ ਕਿ ਪਾਪ ਤਾਂ ਕਈ ਤਰ੍ਹਾਂ ਦੇ ਹਨ ਪਰ ਛੇ ਤਰ੍ਹਾਂ ਦੀ ਹੱਤਿਆ ਹੈ:

*ਪਾਪੀ ਬਹੁ ਪਰਕਾਰ ਕੇ ਉਤਮ ਮੱਧਮ ਜਾਣ।*
*ਹਤਿਆ ਛੇ ਪ੍ਰਕਾਰ ਕੀ ਮਨ ਮਹਿ ਲੇਹੁ ਪਛਾਣ।*
*ਗਊ ਬ੍ਰਾਹਮਣ ਮਾਰੀਏ ਗੋਤਰੀ ਹਥ ਕਰਾਏ।*
*ਰਿਣ ਹਤਿਆ ਕੰਨਿਆ ਹਤਿਆ*
*ਵਿਸ਼ਵਾਸਘਾਤ ਅਧਿਕਾਏ।*

ਇਹ ਛੇ ਤਰ੍ਹਾਂ ਦੀ ਹੱਤਿਆ ਸ਼ਾਸ਼ਤਰਾਂ ਵਿੱਚ ਲਿਖੀ ਹੈ। ਗਊ ਨੂੰ ਮਾਰਨਾ ਵੀ ਹੱਤਿਆ ਗਿਣੀ ਹੈ ਤੇ ਜਿਹੜਾ ਸਹੀ ਸੱਚਾ ਬ੍ਰਾਹਮਣ ਹੈ, ਉਸ ਨੂੰ ਮਾਰਨਾ ਵੀ ਹੱਤਿਆ ਗਿਣੀ ਗਈ ਹੈ। ਗੋਤਰੀ ਕਹਿੰਦੇ ਹਨ, ਆਪਣੀ ਕੁੱਲ ਵਿੱਚੋਂ ਕਿਸੇ ਦਾ ਘਾਤ ਕਰਨਾ, ਇਹ ਵੀ ਹੱਤਿਆ ਹੈ। ਅੱਗੇ ਕਿਹਾ ਹੈ, ਰਿਣ ਹੱਤਿਆ, ਕਿਸੇ ਦਾ ਕਰਜ਼ਾ ਚੁੱਕ ਕੇ ਫਿਰ ਕੋਸ਼ਿਸ਼ ਕਰਨੀ ਵਾਪਸ ਨਾ ਕਰੀਏ, ਉਸ ਦਾ ਕਿਸੇ ਤਰੀਕੇ ਬੁਰਾ ਹੋ ਜਾਵੇ। ਇਹ ਰਿਣ ਹੱਤਿਆ ਹੈ। ਅੱਗੇ ਕਿਹਾ ਹੈ, ਕੰਨਿਆ ਹੱਤਿਆ, ਲੜਕੀ ਨੂੰ ਮਾਰਨਾ, ਇਹ ਵੀ ਹੱਤਿਆ ਹੈ। 96 ਕਰੋੜ ਪਾਪ ਹੋਣ ਤੇ ਇੱਕ ਹੱਤਿਆ ਬਰਾਬਰ ਹੈ। ਫਿਰ ਕੀ ਆਖਿਆ? ਜਿਹੜੀ ਗਲਤੀ ਭਾਈ ਮਹਾਂ ਸਿੰਘ ਤੇ ਦੂਜਿਆਂ ਸਿੰਘਾਂ ਕੋਲੋਂ ਹੋਈ, ਉਹ ਕਿਹੜੀ ਹੱਤਿਆ ਹੈ? ਇਸ ਵਿੱਚ ਤਾਂ ਆਈ ਨਹੀਂ। ਕਹਿੰਦੇ ਉਸ ਵੇਲੇ ਕਥਾ ਹੋ ਰਹੀ ਸੀ ਕਿ ਛੇ ਹੱਤਿਆ ਹਨ ਤੇ ਇੱਕ ਹੱਤਿਆ 96 ਕਰੋੜ ਪਾਪ ਵਰਗੀ ਹੈ ਤੇ ਅਗਾਂਹ ਕੀ ਚਲਿਆ ਪ੍ਰਕਰਨ।

*ਕੋਟ ਛਿਆਨਵੇਂ ਪਾਪ ਸਮ ਹਤਿਆ ਏਕ ਕਹਾਏ।*
*ਖਟ ਹਤਿਆ ਕੇ ਤੁਲ ਜੇ ਗੁਰੂ ਤੋਂ ਸਿਖ ਫਿਰ ਜਾਏ।*

ਖਟ ਕਹਿੰਦੇ ਹਨ ਛੇ ਨੂੰ। ਖਟ ਹੱਤਿਆ ਦੇ

ਤੁਲ, ਇੱਕ ਬਰਾਬਰ ਹੈ, ਜੇ ਗੁਰੂ ਤੋਂ ਸਿੱਖ ਫਿਰ ਜਾਏ। ਇੱਕ ਹੱਤਿਆ ਹੈ 96 ਕਰੋੜ ਤੇ ਜੇ ਉਸ ਨੂੰ ਛੇ ਨਾਲ ਗੁਣਾ ਦੇ ਦੇਈਏ ਤੇ ਬਣ ਜਾਂਦਾ ਹੈ, 576 ਕਰੋੜ। ਛੇ ਹੱਤਿਆ ਦੇ ਤੁੱਲ ਇਸ ਨੂੰ ਗਿਣਿਆ ਗਿਆ ਹੈ, ਜਦੋਂ ਸਿੱਖ ਗੁਰੂ ਤੋਂ ਫਿਰ ਜਾਵੇ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪੰਕਤੀ ਹੈ, ਜ਼ਰਾ ਧਿਆਨ ਨਾਲ ਪੜ੍ਹ ਲਵੋ:

***ਸਾਹਿਬੁ ਸੰਕਟਵੈ ਸੇਵਕੁ ਭਜੈ ॥***
***ਚਿਰੰਕਾਲ ਨ ਜੀਵੈ ਦੋਊ ਕੁਲ ਲਜੈ ॥੧॥***

***(ਅੰਗ ੧੧੯੫)***

ਜਦੋਂ ਇਹ ਸੁਣਿਆ ਤੇ ਅੰਦਰ ਗੱਲ ਵੱਜੀ। ਹੁਣ ਇਹ ਸਾਰੇ ਸੋਚਦੇ ਹਨ ਕੀ ਕਰੀਏ? ਹਰ ਕੋਈ ਆਪਣਾ ਹਾਲ ਦੱਸ ਰਿਹਾ ਹੈ ਤੇ ਜੋ ਭਾਈ ਮਹਾਂ ਸਿੰਘ ਜੀ ਨਾਲ ਬੀਤੀ, ਇਹ ਸਾਰਿਆਂ ਨਾਲ ਬੀਤੀ। ਹੁਣ ਇੱਥੇ ਜ਼ਿਕਰ ਆਉਂਦਾ ਹੈ ਮਾਈ ਭਾਗੋ ਜੀ ਦਾ। ਜਿਨ੍ਹਾਂ ਨੇ ਇਨ੍ਹਾਂ ਸਾਰਿਆਂ ਦੀ ਬੈਟਰੀ ਚਾਰਜ ਕੀਤੀ। ਇਹ ਝਬਾਲ ਦੇ ਰਹਿਣ ਵਾਲੇ ਸਨ। ਛੇਵੇਂ ਪਾਤਸ਼ਾਹ ਜੀ ਦੀ ਸਪੁੱਤਰੀ ਬੀਬੀ ਵੀਰੋ ਜੀ ਦੀ ਸਹੇਲੀ ਸਨ। ਇੱਕ ਰੰਗੇ ਹੋਏ ਦਾ ਸੰਗ ਹੋ ਗਿਆ। ਇੱਕ ਰੰਗੀ ਹੋਈ ਬੀਬੀ ਨੇ ਸਾਰਿਆਂ ਦੀ ਬੈਟਰੀ ਚਾਰਜ ਕਰ ਦਿੱਤੀ। ਜਦੋਂ ਸਾਰੀ ਵਾਰਤਾ ਇਨ੍ਹਾਂ ਸਿੰਘਾਂ ਤੋਂ ਸੁਣੀ ਤੇ ਅੱਗੋਂ ਮਾਤਾ ਭਾਗੋ ਜੀ ਕਹਿਣ ਲੱਗੇ, ਗੁਰੂ ਬਖਸ਼ਣ ਵਾਲਾ ਹੈ। ਪਰ ਇਸ ਦਾ ਹੱਲ ਹੁਣ ਇਕੋ ਹੀ ਹੈ, ਜੇ ਨੀਲੀ ਸਿਆਹੀ ਨਾਲ ਬੇਦਾਵਾ ਲਿਖਿਆ ਹੈ ਤੇ ਲਾਲ ਸਿਆਹੀ ਨਾਲ ਪੜਵਾ ਲਓ। ਫਿਰ ਵੀ ਸੌਦਾ ਮਹਿੰਗਾ ਨਹੀਂ। ਸਿੱਖੀ ਬਹੁਤ ਕੀਮਤੀ ਹੈ। ਸਾਰਿਆਂ ਨੇ ਸਤਿ ਬਚਨ ਕਿਹਾ ਤੇ ਭਾਲ ਕਰਨੀ ਸ਼ੁਰੂ ਕਰ ਦਿੱਤੀ ਕਿ ਹੁਣ ਗੁਰੂ ਕਲਗੀਧਰ ਪਿਤਾ ਜੀ ਕਿੱਥੇ ਹਨ? ਜਦੋਂ ਪਤਾ ਲੱਗਾ ਚਾਰੇ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਜੀ ਤੇ ਬਾਕੀ ਸਿੰਘ ਸ਼ਹੀਦ ਹੋ ਚੁੱਕੇ ਹਨ ਤੇ ਆਪ ਗੁਰੂ ਸਾਹਿਬ ਨੇ ਮਾਲਵੇ ਵੱਲ ਚਾਲੇ ਪਾਏ ਹਨ।

ਇਨ੍ਹਾਂ 40 ਸਿੰਘਾਂ ਨੇ ਆਪਣੀ ਭੁੱਲ ਬਖਸ਼ਾਉਂਦਿਆਂ ਹੋਇਆ ਖਿਦਰਾਣੇ ਦੀ ਜੰਗ ਵਿੱਚ ਭਾਗ ਲਿਆ ਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗੁਰੂ ਕਲਗੀਧਰ ਪਾਤਸ਼ਾਹ ਜੀ ਫਿਰ ਜਦੋਂ ਖਿਦਰਾਣੇ ਦੀ ਢਾਬ ਤੇ ਆਏ, ਅਨੇਕਾਂ ਮੁਗਲਾਂ ਦੇ ਸਰੀਰ ਮਰੇ ਪਏ ਹਨ ਤੇ ਅਨੇਕਾਂ ਸਿੰਘ, ਸਾਧ ਸੰਗਤ ਜੀ, ਸ਼ਹੀਦ ਹੋਏ ਪਏ ਹਨ ਤੇ ਪਾਤਸ਼ਾਹ ਜੀ! ਭਾਈ ਦਇਆ ਸਿੰਘ ਜੀ ਨੂੰ ਕਹਿੰਦੇ ਹਨ, ਪਛਾਣ-ਪਛਾਣ ਕੇ ਸਿੰਘਾਂ ਨੂੰ ਬਾਹਰ ਕੱਢੋ। ਹੁਣ ਉਸ ਵੇਲੇ ਕਿੱਥੋਂ ਪਛਾਣ ਕਰਦੇ ਹਨ, ਬਾਂਹ ਦੇ ਕੜੇ ਤੋਂ। ਕਿਸੇ ਦੀ ਬਾਂਹ ਲੱਥ ਗਈ ਹੈ ਤੇ ਕਿੱਥੋਂ ਪਛਾਣ ਕਰ ਰਹੇ ਹਨ, ਕਛਹਿਰੇ ਤੋਂ ਕਿ ਇਹ ਆਪਣਾ ਹੈ। ਕਹਿੰਦੇ 39 ਸਰੀਰ ਬਾਹਰ ਕੱਢੇ ਤੇ ਸਾਧ ਸੰਗਤ ਜੀ, ਜਿਉਂਦਾ ਇੱਕ ਵੀ ਨਹੀਂ। ਮਹਾਰਾਜ ਜੀ ਕਹਿੰਦੇ, ਭਾਈ ਦਇਆ ਸਿੰਘ ਜੀ ਹੋਰ ਵੇਖੋ। ਕਹਿੰਦੇ, ਪਤਾ ਨਹੀਂ ਕਿੰਨੀਆਂ ਲੋਥਾਂ ਪਰ੍ਹੇ ਕਰਕੇ ਇੱਕ ਸਰੀਰ ਕੱਢਿਆ ਤੇ ਭਾਈ ਦਇਆ ਸਿੰਘ ਜੀ ਕਹਿੰਦੇ ਕਿ ਥੋੜ੍ਹਾ-ਥੋੜ੍ਹਾ ਸਾਹ ਚਲਦਾ ਪਿਆ ਹੈ। ਜਦੋਂ ਉਸ ਨੂੰ ਵੇਖਿਆ, ਕਹਿਣ ਲੱਗੇ ਇਹ ਤਾਂ ਮਹਾਂ ਸਿੰਘ ਹੈ। ਆਪਣੀ ਗੋਦੀ ਵਿੱਚ ਮਹਾਰਾਜ ਜੀ ਨੇ ਸਿਰ ਲਿਆ ਤੇ ਲਿਬੜਿਆ ਹੋਇਆ ਲਹੂ ਨਾਲ ਚਿਹਰਾ ਆਪਣੇ ਮੁੱਖ ਨਾਲ ਚੁੰਮਿਆ। ਸਾਰਿਆਂ ਨੂੰ ਵਰ ਦਿੱਤੇ। ਇਹ ਮੇਰਾ ਪੰਜ ਹਜ਼ਾਰੀ। ਇਹ ਮੇਰਾ ਦਸ ਹਜ਼ਾਰੀ। ਜਲ ਮੰਗਾਇਆ ਤੇ ਚਿਹਰਾ ਲਹੂ ਨਾਲ ਭਿੱਜਿਆ ਹੋਇਆ ਪੂੰਝਿਆ। ਜਦੋਂ ਅੱਖਾਂ ਖੋਲ੍ਹੀਆਂ, ਭਾਈ ਮਹਾਂ ਸਿੰਘ ਜੀ ਨੇ ਤੇ ਹੈਰਾਨ ਹੋ ਗਏ, ਮੇਰਾ ਸਿਰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਗੋਦ ਵਿੱਚ। ਇਹ ਸੁਪਨਾ ਹੈ ਜਾਂ ਹਕੀਕਤ ਹੈ। ਮਹਾਰਾਜ ਜੀ ਹੱਸ ਪਏ। ਕਹਿੰਦੇ ਮਹਾਂ ਸਿੰਘ, ਸੁਪਨਾ ਨਹੀਂ, ਹਕੀਕਤ ਹੈ। ਭਾਈ ਮਹਾਂ ਸਿੰਘ ਮੰਗ ਕੀ ਮੰਗਦਾ ਹੈ। ਰਾਜ ਦੇ ਦੇਈਏ ਤੇ ਉਸ ਵੇਲੇ ਕੀ ਮੰਗਿਆ:

***ਬਖਸ਼ਣਹਾਰ ਬਖਸ਼ ਲੈ।***

***ਸਤਿਗੁਰੂ ਕਰ ਦਿਓ ਮਾਫ ਮੈਨੂੰ, ਜੋ ਕਸੂਰ ਹੋ ਗਿਆ।***
***ਜਿਹੜਾ ਲਿਖ ਕੇ ਬੇਦਾਵਾ, ਤੈਥੋਂ ਦੂਰ ਹੋ ਗਿਆ।***

ਮਹਾਂ ਸਿੰਘ ਰਾਜ ਦੇ ਦੇਈਏ, ਉਮਰ ਦੇ ਦੇਈਏ, ਕੁਝ ਮੰਗ ਲੈ। ਗਰੀਬ ਨਿਵਾਜ! 39 ਸਰੀਰਾਂ ਦੀਆਂ ਰੂਹਾਂ ਦਰਗਾਹ ਵਿੱਚ ਗਈਆਂ ਹਨ, ਮੇਰੀ ਵੀ ਜਾਂਦੀ ਹੈ ਪਰ ਸਤਿਗੁਰੂ ਜੀ ਸੱਚਖੰਡ ਦੇ ਬੂਹੇ ਅੱਗੇ ਇਹ ਬੇਦਾਵਾ ਲਿਖਿਆ ਹੈ, ਤੂੰ ਮੇਰਾ ਗੁਰੂ ਨਹੀਂ ਤੇ ਮੈਂ ਤੇਰਾ ਸਿੱਖ ਨਹੀਂ। ਜੇ ਕਿਰਪਾ ਕੀਤੀ ਹੈ, ਇਹ ਬਿੱਧ ਬਣਾਈ ਹੈ, ਕਿਰਪਾ ਕਰੋ, ਮੈਂ ਹੋਰ ਕੁਝ ਨਹੀਂ ਮੰਗਦਾ, ਇਹ ਬੇਦਾਵਾ ਪਾੜ੍ਹ ਦਿਓ।

***ਜੇ ਕੋ ਗੁਰ ਤੇ ਵੇਮੁਖੁ ਹੋਵੈ***
***ਬਿਨੁ ਸਤਿਗੁਰ ਮੁਕਤਿ ਨ ਪਾਵੈ ॥***
***ਪਾਵੈ ਮੁਕਤਿ ਨ ਹੋਰ ਥੈ ਕੋਈ***
***ਪੁਛਹੁ ਬਿਬੇਕੀਆ ਜਾਏ ॥***
***ਅਨੇਕ ਜੂਨੀ ਭਰਮਿ ਆਵੈ***
***ਵਿਣੁ ਸਤਿਗੁਰ ਮੁਕਤਿ ਨ ਪਾਏ ॥***
***ਫਿਰਿ ਮੁਕਤਿ ਪਾਏ ਲਾਗਿ ਚਰਣੀ***
***ਸਤਿਗੁਰੂ ਸਬਦੁ ਸੁਣਾਏ ॥***
***ਕਹੈ ਨਾਨਕੁ ਵੀਚਾਰਿ ਦੇਖਹੁ***
***ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥***

*(ਅੰਗ ੯੨੦)*

ਜਿਹੜਾ ਤੁਹਾਡੇ ਵਿੱਚੋਂ ਗੁਰੂ ਵਾਲਾ ਨਹੀਂ ਬਣਿਆ, ਉਹ ਇਹ ਚੀਜ਼ ਨਹੀਂ ਸਮਝ ਸਕਦਾ ਇਹ ਅੰਦਰਲਾ ਡਰ ਹੈ ਸਾਡਾ। ਨਿਰਮਲ ਡਰ।

***ਅਨੇਕ ਜੂਨੀ ਭਰਮਿ ਆਵੈ***
***ਵਿਣੁ ਸਤਿਗੁਰ ਮੁਕਤਿ ਨ ਪਾਏ ॥***

*(ਅੰਗ ੯੨੦)*

ਦਰਗਾਹ ਦੇ ਬੂਹੇ ਬੰਦ ਹਨ, ਕਿਰਪਾ ਕਰੋ, ਗਰੀਬ ਨਿਵਾਜ! ਇਹ ਬੇਦਾਵਾ ਪਾੜ ਦਿਓ। ਕਿਸੇ ਕਵੀ ਨੇ ਲਿਖਿਆ ਹੈ ਕਿ ਮਹਾਰਾਜ ਜੀ ਦੇ ਚਾਰੇ ਸਾਹਿਬਜ਼ਾਦੇ ਵੀ ਸ਼ਹੀਦ ਹੋ ਗਏ, ਹੋਰ ਕਈ ਸਿੰਘ ਸ਼ਹੀਦ ਹੋ ਗਏ, ਸਭ ਕੁਝ ਚਲਾ ਗਿਆ, ਕਈ ਵਾਰ ਬਸਤਰ ਬਦਲੇ, ਕਈ ਵਾਰੀ ਕਈ ਕੁਝ ਹੋਇਆ ਪਰ ਸਤਿਗੁਰੂ ਜੀ ਨੇ ਕਮਰਕੱਸੇ ਨਾਲ ਉਹ ਬੇਦਾਵਾ ਸੰਭਾਲਿਆ ਹੋਇਆ ਹੈ। ਕਿਉਂ? ਗੁਰੂ ਸਾਹਿਬ ਨੂੰ ਉਡੀਕ ਹੈ ਕਿ ਮੇਰੇ ਸਿੱਖ ਵਾਪਸ ਆਉਣਗੇ। ਫਿਰ ਕਵੀ ਨੇ ਲਿਖਿਆ ਹੈ:

***ਮਹਾਂ ਸਿੰਘ ਜੀ ਪਿਆਰੇ ਤੁਸੀਂ ਬਖਸ਼ੇ ਗਏ ਸਾਰੇ।***
***ਜਿਹੜਾ ਸੀਸ ਧਰਮ ਤੋਂ ਵਾਰੇ, ਉਹ ਮਨਜ਼ੂਰ ਹੋ ਗਿਆ।***

ਬੇਦਾਵਾ ਪਾੜਿਆ। ਮਹਾਂ ਸਿੰਘ, ਕੁਝ ਹੋਰ ਮੰਗ। ਮੇਰਾ ਚਿੱਤ ਕਰਦਾ ਹੈ। ਮੇਰਾ ਬਚਨ ਨਾ ਮੋੜ। ਫਿਰ ਕਿਸੇ ਨੇ ਲਿਖਿਆ ਹੈ, ਫਿਰ ਇਹ ਮੰਗਿਆ:

***ਇਤਨਾ ਤੋ ਕਰ ਗੁਰੂ ਜੀ, ਜਬ ਜਾਨ ਤਨ ਸੇ ਨਿਕਲੇ।***
***ਤੇਰਾ ਹੀ ਨਾਮ ਲੇਕਰ, ਯੇ ਪ੍ਰਾਣ ਤਨ ਸੇ ਨਿਕਲੇ।***
***ਸਾਰੀ ਸੰਗਤ ਸਜੀ ਹੋ, ਸ਼ਬਦ ਕੀ ਧੁਨੀ ਲਗੀ ਹੋ।***
***ਸਿਰ ਤੇਰੀ ਗੋਦ ਮੇਂ ਹੋ, ਜਬ ਜਾਨ ਤਨ ਸੇ ਨਿਕਲੇ।***

ਗੁਰੂ ਕਲਗੀਧਰ ਪਿਤਾ ਜੀ ਕਹਿੰਦੇ ਹਨ, ਭਾਈ ਦਇਆ ਸਿੰਘ ਜੀ, ਇਸ ਦੀ ਇਹ ਮੰਗ ਵੀ ਪੂਰੀ ਕਰੋ। ਸ਼ਬਦ ਦੀ ਧੁਨੀ ਲਗਾਓ ਤੇ ਇਹ ਪੜ੍ਹੋ:

***ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥***

*(ਅੰਗ ੧੩੫)*

ਪਿਆਰ ਵਿੱਚ ਲਿਖਿਆ ਹੈ ਕਿ ਜਦੋਂ ਸ਼ਬਦ ਦੀ ਧੁਨੀ ਲੱਗੀ ਸੀ ਤੇ ਅਖੀਰਲਾ ਸਵਾਸ ਭਾਈ ਮਹਾਂ ਸਿੰਘ ਜੀ ਨੇ ਲਿਆ।

***ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥***

*(ਅੰਗ ੧੩੬੭)*

ਜਦੋਂ ਅਖੀਰਲਾ ਸਵਾਸ ਨਿਕਲਿਆ ਤੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਭਾਈ ਦਇਆ ਸਿੰਘ, ਇਸ ਨੇ ਕੁਝ ਮੰਗਿਆ ਨਹੀਂ ਤੇ ਚਲਾ ਗਿਆ ਹੈ ਤੇ ਜੇ ਮੰਗਿਆ ਤਾਂ ਆਪਣੇ ਅਤੇ ਆਪਣੇ ਨਾਲ ਸਾਥੀਆਂ ਲਈ ਬਖਸ਼ਿਸ਼ ਮੰਗੀ,

*—ਬਾਕੀ ਹਿੱਸਾ ਪੰਨਾ 21 'ਤੇ ਪੜ੍ਹੋ ਜੀ*

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

—ਭਾਈ ਪਾਲ ਸਿੰਘ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਚੌਵੀਵਾਂ ਸਲੋਕ :***

***ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥***
***ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥***

*(ਅੰਗ ੧੪੨੭)*

ਰਾਤ ਦਿਨ ਮਾਇਆ ਦੇ ਵਾਸਤੇ ਇਨਸਾਨ ਸਦਾ ਹੀ ਭਟਕਦਾ ਰਹਿੰਦਾ ਹੈ। ਕਰੋੜਾਂ ਵਿੱਚੋਂ ਕੋਈ ਇੱਕ ਹੈ ਜਿਸ ਦੇ ਚਿਤ ਵਿੱਚ ਪ੍ਰਮੇਸ਼ਰ ਦਾ ਸਿਮਰਨ ਹੈ।

ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਆਖਦੇ ਹਨ ਕਿ ਮਾਇਆ ਇੱਕ ਛਲਾਵਾ ਹੈ ਜੋ ਕਈ ਰੂਪ ਵਿਖਾ ਕੇ ਛੇਤੀ ਹੀ ਗੁੰਮ ਹੋ ਜਾਂਦੀ ਹੈ। ਪਰਮਾਤਮਾ ਦੇ ਭਜਨ ਤੋਂ ਬਿਨਾਂ ਇਸ ਮਾਇਆ ਦੀ ਚਮਕ ਇਤਨੀ ਹੈ ਜਿਵੇਂ ਕਿ ਕੱਖਾਂ ਦੀ ਅੱਗ, ਬੱਦਲਾਂ ਦੀ ਛਾਂ ਪਤਾ ਨਹੀਂ ਕਿਸ ਵੇਲੇ ਹਵਾ ਦੇ ਬੁੱਲੇ ਨਾਲ ਉੱਡ ਜਾਵੇ। ਜਾਂ ਹੜ੍ਹ ਦਾ ਪਾਣੀ। ਬਰਸਾਤੀ ਨਾਲੇ ਬਾਰਿਸ਼ ਦੇ ਪਾਣੀ ਦੇ ਹੜ੍ਹ ਨਾਲ ਭਰ-ਭਰ ਵਹਿਣ ਲੱਗ ਪੈਂਦੇ ਹਨ ਪਰ ਬਾਰਿਸ਼ ਬੰਦ ਹੁੰਦੇ ਸਾਰ ਹੀ ਸੁੱਕੇ ਦੇ ਸੁੱਕੇ ਰਹਿ ਜਾਂਦੇ ਹਨ। ਇਸੇ ਤਰ੍ਹਾਂ ਬੰਦਾ ਪ੍ਰਭੂ ਨੂੰ ਭੁਲਾ ਕੇ ਜਿਸ ਮਾਇਆ ਨੂੰ ਦਿਨੇ ਰਾਤ ਭੱਜ ਦੌੜ ਕੇ ਕਮਾਉਂਦਾ ਹੈ, ਇਸ ਦੀ ਚਮਕ ਦਮਕ ਥੋੜ੍ਹਾ ਚਿਰ ਹੈ।

***ਮਾਈ ਮਾਇਆ ਛਲੁ ॥***
***ਤ੍ਰਿਣ ਕੀ ਅਗਨਿ ਮੇਘ ਕੀ ਛਾਇਆ***
***ਗੋਬਿਦ ਭਜਨ ਬਿਨੁ ਹੜ ਕਾ ਜਲੁ ॥ ਰਹਾਉ ॥***

*(ਅੰਗ ੭੧੭)*

ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਆਖਦੇ ਹਨ, ਬੰਦਾ ਮਾਇਆ ਨੂੰ ਆਪਣਾ ਆਧਾਰ ਤੇ ਅਹਾਰ ਬਣਾਉਂਦਾ-ਬਣਾਉਂਦਾ ਇੱਕ ਦਿਨ ਆਪ ਹੀ ਮਾਇਆ ਦਾ ਅਹਾਰ ਬਣ ਜਾਂਦਾ ਹੈ।

***ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥***

*(ਅੰਗ ੬੪੩)*

ਪਰ ਫਿਰ ਵੀ ਇਹ ਜੀਵ ਦੇ ਅੰਦਰੋਂ ਮਾਇਆ ਦਾ ਸੰਕਲਪ ਵਿਸਰਦਾ ਨਹੀਂ ਹੈ। ਇਸ ਕਰਕੇ ਅੰਦਰ ਸੁਆਸ ਜਾਂਦਿਆਂ ਵੀ ਅਤੇ ਬਾਹਰ ਸੁਆਸ ਆਉਂਦਿਆਂ ਵੀ ਮਾਇਆ ਨੂੰ ਹੀ ਮੰਗਦਾ ਹੈ।

***ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ ॥***

*(ਅੰਗ ੧੪੨੬)*

ਜਦੋਂ ਅਸੀਂ ਵੀ ਗੁਰੂ ਘਰ ਜਾਂਦੇ ਹਾਂ, ਸਤਿਗੁਰੂ ਜੀ ਦੇ ਸਨਮੁੱਖ ਖੜ੍ਹੇ ਹੋ ਕੇ ਮੱਥਾ ਟੇਕ ਕੇ ਸ਼ਰਧਾ ਨਾਲ ਅੱਖਾਂ ਬੰਦ ਕਰਕੇ ਫਿਰ ਹੱਥ ਜੋੜ ਕੇ ਦ੍ਰਿਸ਼ਟਮਾਨ ਚੀਜ਼ਾਂ ਦੀ ਮੰਗ ਸ਼ੁਰੂ ਕਰ ਦਿੰਦੇ ਹਾਂ ਜਿਵੇਂ ਬਗੁਲਾ ਪਾਣੀ ਵਿੱਚ ਖਲੋ ਕੇ ਤਨ ਦੀ ਸਮਾਧੀ ਲਾ ਲੈਂਦਾ ਹੈ ਲੇਕਿਨ ਅੰਦਰੋਂ ਦ੍ਰਿਸ਼ਟੀ ਆਪਣੀ ਖੁਰਾਕ ਮੱਛੀ ਜਾਂ ਡੱਡੀ ਤੇ ਟਿਕਾਈ

ਹੁੰਦੀ ਹੈ।

***ਠਗ ਦਿਸਟਿ ਬਗਾ ਲਿਵ ਲਾਗਾ ॥***

*(ਅੰਗ ੧੩੫੧)*

ਮਾਇਆ ਦੇ ਕਈ ਰੂਪ ਹਨ ਕਿਤੇ ਧਨ ਬਣ ਕੇ ਆਉਂਦੀ ਹੈ, ਕਿਤੇ ਪੁੱਤਰ ਬਣ ਕੇ ਆਉਂਦੀ ਹੈ, ਕਿਤੇ ਇਸਤਰੀ ਬਣ ਕੇ ਆਉਂਦੀ ਹੈ। ਜੋ ਵੀ ਵਸਤੂ ਸਾਨੂੰ ਪਰਮਾਤਮਾ ਤੋਂ ਵਿਛੋੜਦੀ ਹੈ, ਉਹ ਮਾਇਆ ਰੂਪ ਹੈ। ਇਸ ਤਰ੍ਹਾਂ ਮਨੁੱਖ ਦਾ ਜੀਵਨ ਭਾਵੇਂ ਸੌ ਸਾਲ ਦਾ ਹੋ ਜਾਏ, ਅਸਲੀ ਜੀਵਨ ਉਸ ਦਿਨ ਤੋਂ ਗਿਣਿਆ ਜਾਇਗਾ ਜਿਸ ਦਿਨ ਉਸਨੇ ਆਪਣੇ ਮੂਲ ਦੀ ਪਛਾਣ ਕਰ ਲਈ।

***ਜੇ ਸਉ ਵਰ੍ਹਿਆ ਜੀਵਣ ਖਾਣੁ ॥***
***ਖਸਮ ਪਛਾਣੈ ਸੋ ਦਿਨੁ ਪਰਵਾਣੁ ॥੨॥***

*(ਅੰਗ ੩੫੦)*

ਸੰਸਾਰ ਵਿੱਚ ਐਸੇ ਵੀ ਮਹਾਂਪੁਰਖ ਹੋਏ ਹਨ ਧੰਨ ਬਾਬਾ ਨੰਦ ਸਿੰਘ ਜੀ ਵਰਗੇ ਜਿਨ੍ਹਾਂ ਨੂੰ ਸੰਸਾਰੀ ਇੱਛਾ ਹੀ ਕੋਈ ਨਹੀਂ ਸੀ। ਮਹਾਰਾਜਾ ਪਟਿਆਲਾ ਨੇ ਇੱਕ ਆਲੀਸ਼ਾਨ ਬੰਗਲਾ ਬਣਾਇਆ ਸੀ ਅਤੇ ਹੋਰ ਕੀਮਤੀ ਪੁਸ਼ਾਕਾਂ ਅਤੇ ਸੁੱਖ ਆਰਾਮ ਦੀਆਂ ਵਸਤਾਂ ਭੇਟ ਕੀਤੀਆਂ ਸਨ। ਪਰੰਤੂ ਬਾਬਾ ਜੀ ਨਾ ਤਾਂ ਉਸ ਦੇ ਬੰਗਲੇ ਅੰਦਰ ਗਏ, ਨਾ ਹੀ ਪੁਸ਼ਾਕਾਂ ਤੇ ਹੋਰ ਵਸਤਾਂ ਦੀ ਵਰਤੋਂ ਕੀਤੀ ਸੀ।

ਬਾਬਾ ਜੀ ਇੱਕ ਵਾਰੀ ਆਪਣੇ ਵਿਦਿਆ ਗੁਰੂ ਸੰਤ ਵਧਾਵਾ ਸਿੰਘ ਜੀ ਨਾਲ ਭੁੱਚੋ ਸਾਹਿਬ ਬਾਬਾ ਮਹਾਂ ਹਰਨਾਮ ਸਿੰਘ ਜੀ ਦੇ ਦਰਸ਼ਨਾਂ ਵਾਸਤੇ ਪਹੁੰਚ ਗਏ। ਬਾਬਾ ਮਹਾਂ ਹਰਨਾਮ ਸਿੰਘ ਜੀ ਨੇ ਆਪਣੇ ਸੇਵਕਾਂ ਨੂੰ ਕਹਿ ਰੱਖਿਆ ਸੀ ਕਿ ਇੱਥੇ ਸੈਂਕੜੇ ਲੋਕ ਪੁੱਤ ਦੀ ਦਾਤ ਮੰਗਣ ਆਉਂਦੇ ਹਨ ਪਰ ਅੱਜ ਇੱਕ ਆਏਗਾ ਜਿਹੜਾ ਧੀ (ਲੜਕੀ) ਦੀ ਦਾਤ ਮੰਗੇਗਾ। ਪੁੱਤ ਤੋਂ ਭਾਵ ਦੁਨਿਆਵੀਂ ਪਦਾਰਥ ਤੇ ਧੀ ਤੋਂ ਭਾਵ ਰੱਬੀ ਪ੍ਰਾਪਤੀ ਦਾ ਰਾਹ ਭਗਤੀ।

ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਆਖਦੇ ਹਨ ਕਿ ਕਰੋੜਾਂ ਵਿੱਚੋਂ ਕੋਈ-ਕੋਈ ਵਿਰਲਾ ਹੀ ਸੰਤ ਵੇਖਣ ਵਿੱਚ ਆਉਂਦਾ ਹੈ ਜਿਸ ਦੀ ਸੰਗਤ ਨਾਲ ਸੰਸਾਰ ਸਮੁੰਦਰ ਤੋਂ ਪਾਰ ਲੰਘੀਂਦਾ ਹੈ।

***ਕੋਟਿ ਮਧੇ ਕੋਈ ਸੰਤੁ ਦਿਖਾਇਆ ॥***
***ਨਾਨਕੁ ਤਿਨ ਕੈ ਸੰਗਿ ਤਰਾਇਆ ॥***

*(ਅੰਗ ੧੩੪੮)*

ਇੱਕ ਸਾਧੂ ਭਗਤ ਰਵਿਦਾਸ ਜੀ ਕੋਲ ਆਇਆ। ਉਸਨੂੰ ਭਗਤ ਜੀ ਨੇ ਆਸਣ ਵਿਛਾ ਕੇ ਬਿਠਾਇਆ। ਉਹ ਸਾਧੂ ਭਗਤ ਜੀ ਨੂੰ ਪੁੱਛਣ ਲੱਗਾ- 'ਹੇ ਭਗਤ ਜੀ ! ਤੁਸੀਂ ਭਗਤੀ ਵੀ ਕਰਦੇ ਹੋ ਤੇ ਸਾਧ ਸੰਗਤ ਵੀ ਕਰਦੇ ਹੋ। ਫਿਰ ਤੁਹਾਡਾ ਮਾਇਆ ਦਾ ਕਿਵੇਂ ਗੁਜਾਰਾ ਚਲਦਾ ਹੈ? ਭਗਤ ਜੀ ਕਹਿਣ ਲੱਗੇ, ਹੱਥੀਂ ਕਿਰਤ ਕਰਦੇ ਹਾਂ ਥੋੜ੍ਹੀ ਬਹੁਤੀ ਮਾਇਆ ਆਉਂਦੀ ਹੈ, ਉਸ ਨਾਲ ਗੁਜਾਰਾ ਚੱਲ ਰਿਹਾ ਹੈ। ਬਹੁਤ ਅਨੰਦ ਹੈ।

ਸਾਧੂ ਕਹਿਣ ਲੱਗਾ ਮੈਂ ਆਪ ਜੀ ਦੀ ਮਹਿਮਾ ਸੁਣ ਕੇ ਆਇਆ ਹਾਂ ਪਰ ਆਪ ਦੀ ਮਾਲੀ ਦਸ਼ਾ ਕਮਜ਼ੋਰ ਦੇਖ ਕੇ ਮੇਰੇ ਮਨ ਵਿੱਚ ਖਿਆਲ ਆਇਆ ਹੈ ਕਿ ਆਪ ਜੀ ਦੀ ਸੇਵਾ ਕਰਾਂ। ਮੇਰੇ ਕੋਲ ਪਾਰਸ ਹੈ, ਇਹ ਰੱਖ ਲਓ। ਪਾਰਸ ਐਸੀ ਵਸਤੂ ਹੈ, ਜੋ ਲੋਹੇ ਨਾਲ ਛੁਹਾਈ ਜਾਏ ਤਾਂ ਲੋਹਾ ਸੋਨਾ ਬਣ ਜਾਂਦਾ ਹੈ। ਇਸ ਪਾਰਸ ਨਾਲ ਤੁਸੀਂ ਇਕੋ ਦਿਨ ਵਿੱਚ ਅਮੀਰ ਬਣ ਜਾਓਗੇ। ਭਗਤ ਜੀ ਕਹਿਣ ਲੱਗੇ ਕਿਰਤ ਵਿੱਚ ਹੀ ਬਰਕਤ ਹੈ। ਪ੍ਰਭੂ ਦੇ ਨਾਮ ਦਾ ਧਨ ਕੋਲ ਰਹੇ ਤਾਂ ਉਹੋ ਹੀ ਠੀਕ ਹੈ। ਇਸ ਲਈ ਪਾਰਸ ਦੀ ਲੋੜ ਨਹੀਂ ਹੈ।

ਸਾਧੂ ਨੇ ਬਹੁਤ ਹੱਠ ਕੀਤਾ ਤੇ ਪਾਰਸ ਭਗਤ ਜੀ ਕੋਲ ਰੱਖ ਕੇ ਆਪਣੇ ਰਾਹ ਪੈ ਗਿਆ। ਉਸਦੇ

ਜਾਣ ਪਿੱਛੋਂ ਭਗਤ ਜੀ ਨੇ ਪਾਰਸ ਚੁੱਕ ਕੇ ਛੱਤ ਵਿੱਚ ਰੱਖ ਦਿੱਤਾ, ਛੱਤ ਵਿੱਚ ਬਾਲੇ ਤੇ ਬਾਂਸ ਸਨ। ਉਨ੍ਹਾਂ ਤਾਂ ਸੋਨਾ ਬਣਨਾ ਨਹੀਂ ਸੀ।

ਕੁਝ ਚਿਰ ਬਾਅਦ ਸਾਧੂ ਫਿਰ ਆਇਆ। ਭਗਤ ਜੀ ਉਸੇ ਕੱਖਾਂ ਦੀ ਛੰਨ ਵਿੱਚ ਬੈਠੇ ਸਨ ਤੇ ਆਪਣਾ ਕੰਮ ਕਰੀਂ ਜਾ ਰਹੇ ਸਨ। ਉਸਨੇ ਪੁੱਛਿਆ, "ਹੇ ਭਗਤ ਜੀ! ਮੈਂ ਤੁਸਾਂ ਨੂੰ ਪਾਰਸ ਦੇ ਗਿਆ ਸੀ।" ਭਗਤ ਜੀ ਨੇ ਕਿਹਾ, "ਉਹ ਮੈਂ ਆਪ ਜੀ ਦੀ ਅਮਾਨਤ ਸਮਝ ਕੇ ਛੱਤ ਵਿੱਚ ਟੰਗਿਆ ਹੈ, ਲੈ ਜਾਓ। ਉੱਥੇ ਹੀ ਪਿਆ ਹੈ।"

ਇਹ ਸੁਣ ਕੇ ਸਾਧੂ ਮਨ ਹੀ ਮਨ ਬਹੁਤ ਖੁਸ਼ ਹੋਇਆ ਤੇ ਆਪਣਾ ਪਾਰਸ ਚੁੱਕ ਲਿਆ ਤੇ ਉੱਥੇ ਹੀ ਅਲੋਪ ਹੋ ਗਿਆ। ਭਗਤ ਰਵਿਦਾਸ ਜੀ ਸਮਝ ਗਏ ਕਿ ਆਪ ਭਗਵਾਨ ਆਏ ਸਨ। ਉਸ ਦਿਨ ਤੋਂ ਭਗਤ ਜੀ ਕੋਲ ਸਾਰੀਆਂ ਬਰਕਤਾਂ ਆ ਗਈਆਂ ਸਨ।

ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਆਖਦੇ ਹਨ ਰਾਤ ਦਿਨ ਪੁਰਸ਼ ਮਾਇਆ ਖਾਤਰ ਭਟਕਦਾ ਰਹਿੰਦਾ ਹੈ ਪਰ ਕਰੋੜਾਂ ਵਿੱਚੋਂ ਕੋਈ ਇੱਕ ਹੈ ਜਿਸ ਦੇ ਚਿੱਤ ਵਿੱਚ ਪ੍ਰਮੇਸ਼ਰ ਦੀ ਯਾਦ ਵੱਸਦੀ ਹੈ।

*—ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ*

○○○

---

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
**ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।**

1) ਬੈਂਕ ਡਰਾਫਟ, ਚੈੱਕ ਰਾਹੀਂ ਜਾਂ Paytm No. 9876525850
2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245 ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

### VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 184/- ਰੁਪਏ, ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ (ਦੇਸ਼) | |
|---|---|
| ਇੱਕ ਸਾਲ | 150+34=184/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

## ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ 'ਸਿਫਤਿ ਸਾਲਾਹ ਰਸਾਲੇ' ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਸੰਗਤਾਂ ਵੱਲੋਂ ਭਾਈ ਸਾਹਿਬ ਜੀ ਨੂੰ ਸਮੇਂ-ਸਮੇਂ ਤੇ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ। ਇਸੇ ਕਾਲਮ ਦੀ ਲੜੀ ਨੂੰ ਅੱਗੇ ਤੋਰਦਿਆਂ ਹੱਥਲੇ ਅੰਕ ਤੋਂ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਜੀ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀਂ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ।

**15. ਸਵਾਲ: ਸਤਿਕਾਰਯੋਗ ਵੀਰ ਜੀ, ਮੇਰਾ ਇੱਕ ਰਿਸ਼ਤੇਦਾਰ ਅੰਮ੍ਰਿਤਸਰ ਵਿੱਚ ਰਹਿੰਦਾ ਹੈ। ਉਹ ਕਹਿੰਦਾ ਹੈ ਕਿ ਮੈਂ ਰੋਜ਼ ਬਾਬਾ ਦੀਪ ਸਿੰਘ ਜੀ ਦੇ ਦਰ 'ਤੇ ਜੋੜਿਆਂ ਦੀ ਸੇਵਾ ਕਰਦਾ ਹਾਂ ਅਤੇ ਸੇਵਾ ਕਰਦੇ-ਕਰਦੇ ਮੇਰੇ ਮਨ ਵਿੱਚ ਲੜਕੀਆਂ ਬਾਰੇ ਗਲਤ ਵਿਚਾਰ ਆਉਣੇ ਸ਼ੁਰੂ ਹੋ ਜਾਂਦੇ ਹਨ। ਮੇਰੀ ਨਜ਼ਰ ਗੰਦੀ ਹੋ ਜਾਂਦੀ ਹੈ। ਦੱਸੋ, ਮੈਂ ਕੀ ਕਰਾਂ?**

**ਜਵਾਬ:** ਪਰਾਈ ਔਰਤ ਵੱਲ ਗਲਤ ਭਾਵਨਾ ਨਾਲ ਦੇਖਣਾ ਸਿੱਖ ਧਰਮ ਵਿੱਚ ਬਿਲਕੁਲ ਹੀ ਵਰਜਿਤ ਹੈ। ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ ਲਿਖਦੇ ਹਨ:

***ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।***

*(ਵਾਰ ੨੯, ਪਉੜੀ ੧੧)*

ਪਰ ਇਹ ਬੜੇ ਅਫ਼ਸੋਸ ਦੀ ਗੱਲ ਹੈ ਕਿ ਬਾਬਾ ਦੀਪ ਸਿੰਘ ਜੀ ਦੇ ਦਰ 'ਤੇ ਇਤਨੀ ਉੱਤਮ ਸੇਵਾ ਕਰਦਿਆਂ ਇਹੋ ਜਿਹੇ ਭੈੜੇ ਖਿਆਲ ਮਨ ਵਿੱਚ ਆਉਂਦੇ ਹਨ। ਜਿਸ ਸੇਵਾ ਨੇ ਤੁਹਾਡੇ ਪਾਪਾਂ ਦਾ ਨਾਸ ਕਰਨਾ ਹੈ, ਜੇਕਰ ਉਹੀ ਸੇਵਾ ਕਰਦਿਆਂ ਇਹੋ ਜਿਹੇ ਭੈੜੇ ਖਿਆਲ ਮਨ ਵਿੱਚ ਆਉਂਦੇ ਹਨ ਤਾਂ ਕਈ ਗੁਣਾਂ ਪਾਪਾਂ ਦੀ ਪੰਡ ਸਿਰ 'ਤੇ ਚੜ੍ਹ ਜਾਂਦੀ ਹੈ। ਜੇਕਰ ਬਜ਼ਾਰ ਵਿੱਚ ਕਿਸੇ ਲੜਕੀ ਵੱਲ ਮਾੜੀ ਨਿਗਾਹ ਨਾਲ ਦੇਖਦੇ ਹਾਂ ਤਾਂ ਉਹ ਵੀ ਪਾਪ ਹੈ, ਪਰ ਗੁਰੂ ਘਰ ਵਿੱਚ ਆ ਕੇ ਕਿਸੇ ਲੜਕੀ ਵੱਲ ਮਾੜੀ ਨਿਗਾਹ ਨਾਲ ਦੇਖਣਾ ਸਗੋਂ ਮਹਾਂ ਪਾਪ ਹੈ।

***ਧ੍ਰਿਗੁ ਲੋਇਣਿ ਗੁਰ ਦਰਸ ਵਿਣੁ ਵੇਖੈ ਪਰ ਤਰਣੀ।***

*(ਵਾਰ ੨੭, ਪਉੜੀ ੧੦)*

ਇਸ ਕਰਕੇ ਜੇਕਰ ਇਹੋ ਜਿਹੇ ਵਿਚਾਰ ਤੰਗ ਕਰਦੇ ਹਨ ਤਾਂ ਨਿਰਮਲ ਭਉ ਮਨ ਵਿੱਚ ਰੱਖਿਆ ਕਰੋ ਕਿ ਬਾਬਾ ਦੀਪ ਸਿੰਘ ਜੀ ਦੇ ਦਰ 'ਤੇ ਜਿਹੜੀਆਂ ਬੱਚੀਆਂ ਆਈਆਂ ਹਨ, ਇਹ ਬਾਬਾ ਦੀਪ ਸਿੰਘ ਜੀ ਦੀਆਂ ਧੀਆਂ ਹਨ। ਇਸ ਤਰ੍ਹਾਂ ਦੇ ਉੱਚੇ ਵਿਚਾਰ ਮਨ ਵਿੱਚ ਰੱਖਣ ਨਾਲ ਸ਼ਾਇਦ ਇਹ ਗਲਤ ਵਿਚਾਰ ਆਉਣੇ ਬੰਦ ਹੋ ਜਾਣ ਤੇ ਸੇਵਾ

ਵਿੱਚ ਰਸ ਆਉਣ ਲੱਗ ਪਵੇ।

ਗੁਰਮਤਿ ਦੇ ਰਾਹ ਵਿੱਚ ਇਹ ਇੱਕ ਬੜਾ ਵੱਡਾ ਟੋਆ ਹੈ। ਗੁਰੂ ਦੀ ਕ੍ਰਿਪਾ ਨਾਲ ਇਸ ਦੇ ਵੇਗ ਨੂੰ ਗਿਆਨ ਨਾਲ ਰੋਕਣਾ ਹੈ ਕਿ ਇਸ ਦਾ ਇੱਕ ਛਿੰਨ ਦਾ ਸੁਆਦ ਕਈ ਨਰਕਾਂ ਵਿੱਚ ਲੈ ਜਾਂਦਾ ਹੈ।

***ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥***

*(ਅੰਗ ੧੩੫੮)*

ooo

**16. ਸਵਾਲ: ਸਤਿਕਾਰਯੋਗ ਵੀਰ ਜੀ, ਕਿਸੇ ਗੁਰੂ ਦੇ ਸਿੱਖ ਦਾ ਇਹ ਸਵਾਲ ਹੈ ਕਿ ਜਦੋਂ ਮੈਂ ਗੁਰਦੁਆਰਾ ਸਾਹਿਬ ਵਿਖੇ ਜੋੜਿਆਂ ਦੀ ਸੇਵਾ ਕਰਦਾ ਹਾਂ ਤਾਂ ਸੇਵਾ ਵਿੱਚ ਮੇਰਾ ਮਨ ਨਹੀਂ ਲੱਗਦਾ, ਜਿਸ ਕਰਕੇ ਸੇਵਾ ਦਾ ਰਸ ਨਹੀਂ ਆਉਂਦਾ। ਕੋਈ ਜੁਗਤੀ ਦੱਸੋ ਤਾਂ ਕਿ ਸੇਵਾ ਵਿੱਚ ਮਨ ਲੱਗ ਜਾਵੇ ਤੇ ਰਸ ਆਉਣ ਲੱਗ ਪਵੇ।**

**ਜਵਾਬ:** ਜਦੋਂ ਤੁਸੀਂ ਸੇਵਾ ਕਰੋ ਤਾਂ ਮਨ ਵਿੱਚ ਇੱਕ ਭਾਵਨਾ ਬਣਾਓ। ਜੇਕਰ ਆਦਮੀ ਦਾ ਜੋੜਾ ਹੈ ਤਾਂ ਸੋਚੋ ਕਿ ਇਹ ਜੋੜਾ ਧੰਨ ਗੁਰੂ ਨਾਨਕ ਮਹਾਰਾਜ ਜੀ ਦਾ ਜੋੜਾ ਹੈ ਜਾਂ ਇਹ ਜੋੜਾ ਧੰਨ ਬਾਬਾ ਦੀਪ ਸਿੰਘ ਜੀ ਦਾ ਜੋੜਾ ਹੈ। ਜੇ ਕਿਸੇ ਬੀਬੀ ਦਾ ਜੋੜਾ ਹੱਥ ਵਿੱਚ ਹੋਵੇ ਤਾਂ ਇਹ ਭਾਵਨਾ ਬਣਾਓ ਕਿ ਇਹ ਜੋੜਾ ਮਾਤਾ ਗੁਜਰੀ ਜੀ ਦਾ ਜੋੜਾ ਹੈ ਜਾਂ ਬੀਬੀ ਭਾਨੀ ਜੀ ਦਾ ਜੋੜਾ ਹੈ। ਜੇ ਬੱਚਿਆਂ ਦਾ ਜੋੜਾ ਹੱਥ ਵਿੱਚ ਆ ਜਾਵੇ ਤਾਂ ਇਹ ਭਾਵਨਾ ਹੋਵੇ ਕਿ ਇਹ ਜੋੜਾ ਬਾਬਾ ਜ਼ੋਰਾਵਰ ਸਿੰਘ ਜੀ ਦਾ ਜੋੜਾ ਹੈ ਜਾਂ ਬਾਬਾ ਫ਼ਤਹਿ ਸਿੰਘ ਜੀ ਦਾ ਜੋੜਾ ਹੈ। ਇਸ ਤਰ੍ਹਾਂ ਇੱਕ-ਇੱਕ ਜੋੜੇ ਨੂੰ ਬੜੇ ਪਿਆਰ ਨਾਲ ਵਾਹਿਗੁਰੂ-ਵਾਹਿਗੁਰੂ ਜਪਦਿਆਂ ਰੁਮਾਲ ਨਾਲ ਸਾਫ਼ ਕਰੋ, ਹੌਲੀ-ਹੌਲੀ ਸੇਵਾ ਵਿੱਚ ਮਨ ਲੱਗ ਜਾਵੇਗਾ ਤੇ ਰਸ ਆਉਣਾ ਸ਼ੁਰੂ ਹੋ ਜਾਵੇਗਾ। ਇਸ ਤੋਂ ਇਲਾਵਾ ਜੇਕਰ ਆਪ ਜੀ ਸੰਗਤ ਦੇ ਜੋੜੇ ਖਾਨਿਆਂ ਵਿੱਚ ਰੱਖ ਰਹੇ ਹੋ ਤਾਂ ਕਦੀ ਵੀ ਕਾਹਲੀ ਨਾ ਕਰੋ। ਜੇਕਰ ਹੋਰ ਸਰੀਰ ਵੀ ਜੋੜੇ ਖਾਨਿਆਂ ਵਿੱਚ ਰੱਖਣ ਦੀ ਸੇਵਾ ਕਰ ਰਹੇ ਹਨ ਤਾਂ ਬਕਾਇਦਾ ਲਾਈਨ ਬਣਾ ਕੇ ਸੇਵਾ ਕਰੋ। ਇਕੱਲੇ ਆਪ ਹੀ ਜੋੜੇ ਚੁੱਕ ਕੇ ਖਾਨਿਆਂ ਵਿੱਚ ਰੱਖਣੇ ਤੇ ਦੂਸਰੇ ਨੂੰ ਮੌਕਾ ਨਾ ਦੇਣਾ, ਇਹ ਗਲਤ ਹੈ। ਇਸ ਨਾਲ ਗੁਰੂ ਸਾਹਿਬ ਜੀ ਦੀ ਪ੍ਰਸੰਨਤਾ ਨਹੀਂ ਮਿਲਦੀ, ਕਿਉਂਕਿ ਗੁਰੂ ਸਾਹਿਬ ਜੀ ਦਾ ਹੁਕਮ ਹੈ ਕਿ ਸੇਵਾ ਕਰਦਿਆਂ ਵੀ ਸੇਵਾ ਵੰਡ ਕੇ ਕਰਨ ਦੀ ਭਾਵਨਾ ਹੋਣੀ ਚਾਹੀਦੀ ਹੈ। ਜੋ ਕਈ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ-

***ਅਨਿਕ ਭਾਂਤਿ ਕਰਿ ਸੇਵਾ ਕਰੀਐ ॥***
***ਜੀਉ ਪ੍ਰਾਨ ਧਨੁ ਆਗੈ ਧਰੀਐ ॥***

*(ਅੰਗ ੩੯੧)*

ooo

**17. ਸਵਾਲ: ਸਤਿਕਾਰਯੋਗ ਵੀਰ ਜੀ, ਇਸ ਸਮੇਂ ਮੈਂ ਜਿਸ ਨੌਕਰੀ 'ਤੇ ਕੰਮ ਕਰ ਰਹੀ ਹਾਂ, ਉਸ ਵਿੱਚ ਰਿਸ਼ਵਤ ਲੈਣਾ ਇੱਕ ਆਮ ਜਿਹੀ ਗੱਲ ਹੈ ਪਰ ਆਪ ਜੀ ਦੀ ਸੰਗਤ ਕਰਕੇ ਮੈਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਰਿਸ਼ਵਤ ਲੈਣੀ ਜਾਂ ਪਰਾਇਆ ਧਨ ਲੈਣਾ ਮਹਾਂ ਪਾਪ ਹੈ। ਇਸ ਕਰਕੇ ਮੈਨੂੰ ਇਹ ਡਰ ਲੱਗਾ ਰਹਿੰਦਾ ਹੈ ਕਿ ਮੇਰੇ ਕੋਲੋਂ ਕਿਤੇ ਗਲਤੀ ਨਾਲ ਵੀ ਰਿਸ਼ਵਤ ਨਾ ਲਈ ਜਾਵੇ ਜਾਂ ਮੇਰੇ ਕੋਲੋਂ ਕਿਸੇ ਦਾ ਬੁਰਾ ਨਾ ਹੋ ਜਾਵੇ। ਕੋਈ ਜੁਗਤੀ ਦੱਸੋ।**

**ਜਵਾਬ:** ਇਹ ਬਹੁਤ ਚੰਗੀ ਗੱਲ ਹੈ ਕਿ ਤੁਸੀਂ ਇਸ ਪੱਖ ਤੋਂ ਸੁਚੇਤ ਹੋ, ਕਿਉਂਕਿ ਤੁਹਾਡੇ ਮਨ ਵਿੱਚ ਗੁਰੂ ਸਾਹਿਬ ਦਾ ਨਿਰਮਲ ਭਉ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ:

***ਹਉ ਤਿਸੁ ਘੋਲਿ ਘੁਮਾਇਆ ਪਰ ਦਰਬੈ ਨੋ ਹਥੁ ਨ ਲਾਵੈ।***

*(ਵਾਰ ੧੨, ਪਉੜੀ ੪)*

ਮਹਾਂਪੁਰਸ਼ਾਂ ਦਾ ਬਚਨ ਹੈ ਕਿ ਰਿਸ਼ਵਤ ਦਾ ਇੱਕ ਰੁਪਿਆ ਵੀ ਜੇਕਰ ਤੁਹਾਡੀ ਹੱਕ ਦੀ ਕਮਾਈ ਵਿੱਚ ਪੈ ਜਾਂਦਾ ਹੈ ਤਾਂ ਉਸ ਕਮਾਈ ਵਿੱਚੋਂ ਵੀ ਬਰਕਤ ਖਤਮ ਹੋ ਜਾਂਦੀ ਹੈ। ਬਾਬਾ ਈਸ਼ਰ ਸਿੰਘ ਜੀ ਨਾਨਕਸਰ ਵਾਲੇ ਬਚਨ ਕਰਦੇ ਸਨ ਕਿ ਜੇਕਰ ਤੁਸੀਂ ਰਿਸ਼ਵਤ ਦੀ ਕਮਾਈ ਘਰ ਲੈ ਕੇ ਆਉਂਦੇ ਹੋ ਤਾਂ ਤੁਹਾਡੇ ਬੱਚਿਆਂ ਦੀ ਵੀ ਬੁੱਧੀ ਸਹੀ ਨਹੀਂ ਰਹੇਗੀ। ਇਸ ਲਈ ਤੁਸੀਂ ਜਦੋਂ ਵੀ ਆਪਣੀ ਕੁਰਸੀ 'ਤੇ ਬੈਠਿਆ ਕਰੋ, ਪਹਿਲਾ- ਸੁਚੇਤਤਾ ਰੱਖੋ, ਰਿਸ਼ਵਤ ਲੈਣਾ ਮੇਰੇ ਗੁਰੂ ਸਾਹਿਬ ਜੀ ਵੱਲੋਂ ਮਨ੍ਹਾਂ ਹੈ ਇਹ ਕੰਮ ਮੈਂ ਭੁੱਲ ਕੇ ਵੀ ਕਦੇ ਨਹੀਂ ਕਰਨਾ। ਦੂਜਾ- ਇਹ ਅਰਦਾਸ ਕਰਕੇ ਬੈਠਿਆ ਕਰੋ ਕਿ ਹੇ ਗੁਰੂ ਨਾਨਕ ਸਾਹਿਬ! ਤੇਰੇ ਬਿਠਾਇਆ ਬੈਠਣ ਲੱਗੀ ਹਾਂ, ਇਹ ਕੁਰਸੀ ਵੀ ਤੇਰੀ ਹੈ, ਇਹ ਅਫ਼ਸਰੀ ਵੀ ਤੇਰੀ ਹੈ, ਮੈਂ ਵੀ ਤੇਰੀ ਹਾਂ, ਦਫ਼ਤਰ ਵੀ ਤੇਰਾ ਹੈ। ਇਸ ਲਈ ਜੋ ਕਾਰਜ ਆਪ ਜੀ ਨੂੰ ਚੰਗਾ ਲੱਗੇ, ਉਹ ਆਪੇ ਹੀ ਕਰਵਾ ਲੈਣਾ ਜੀ। ਜੋ ਕੰਮ ਆਪ ਜੀ ਨੂੰ ਚੰਗਾ ਨਾ ਲੱਗੇ, ਉਸ ਵਿੱਚ ਆਪ ਹੀ ਰੁਕਾਵਟ ਪਾ ਦੇਣਾ ਜੀ। ਆਪ ਜੀ ਨੇ ਇਹ ਅਰਦਾਸ ਦਿਲੋਂ ਕਰਨੀ ਹੈ। ਜਦ ਅਰਦਾਸ ਦਿਲੋਂ ਕਰੋਗੇ ਤਾਂ ਗੁਰੂ ਸਾਹਿਬ ਜ਼ਰੂਰ ਕਿਰਪਾ ਕਰਨਗੇ।

○○○

## ਨੋਟੀਸ਼ਨ : ਧਾਰਮਿਕ ਗੀਤ

## ਵਾਟਾਂ ਲੰਮੀਆਂ ਤੇ ਰਸਤਾ ਪਹਾੜ ਦਾ

| | | | | | |
|---|---|---|---|---|---|
| ਅਸਥਾਈ : | ਵਾਟਾਂ | ਲੰਮੀਆਂ ਤੇ | ਰਸਤਾ | ਪਹਾੜ | ਦਾ ऽऽऽ |
| | ਪ਼ਾ ਪ਼ਾ | ਪ਼ਾਧ਼ਾਧ਼ਾ ਸਾ | ਸਾ ਸਾ ਰੇ | ਸਾ ਗੁਾ ਗੁਾ | ਗੁਾ ਗੁਾ ਗੁਾ ਗੁਾ |

| | | | | | |
|---|---|---|---|---|---|
| ਤੁਰੇ | ਜਾਂਦੇ ऽ | ਗੁਰਾਂ | ਦੇ ऽ | ਲਾਲ | ਜੀ ऽऽऽ |
| ਗੁਾ ਗੁਾ | ਗੁਾ ਗੁਾ ਗੁਾ | ਗੁਾ ਰੇ ਸਾ | ਸਾ ਨ਼ੀ | ਸਾ ਸਾ | ਰੇ ਰੇ ਰੇ ਰੇ |

| | | | | | | |
|---|---|---|---|---|---|---|
| ਸਰਸਾ | ਨਦੀ | ਤੇ | ਵਿਛੋ ऽ | ਝਾ ऽ | ਪੈ ਗਿਆ | ऽऽ |
| ਰੇ ਰੇ | ਰੇ ਸਾ | ਗੁਾ | ਰੇ ਸਾ ਸਾ | ਸਾ ਸਾ | ਰੇ ਸਾ ਨ਼ੀ ਨ਼ੀ | ਨ਼ੀ ਨ਼ੀ |

| | | | | | |
|---|---|---|---|---|---|
| ਉਸ | ਵੇਲੇ ਦਾ | ਸੁਣ | ਲਓ | ਹਾ ऽऽ ਲ | ਜੀ ऽ |
| ਪ਼ਾ ਪ਼ਾ | ਪ਼ਾਧ਼ਾਧ਼ਾਸਾ | ਰੇ ਰੇ | ਗੁਾ ਗੁਾ | ਰੇ ਰੇ ਰੇ ਸਾ | ਸਾ ਸਾ |

| | | | | | | | |
|---|---|---|---|---|---|---|---|
| ਅੰਤਰਾ : | ਰਾਤ | ਹਨੇ ऽ | ਰੀ ऽ | ਬਿਜ | ਲੀ ऽ | ਲਿਸ਼ | ਕੇ ऽ |
| | ਗੁਾ ਗੁਾ | ਗੁਾ ਗੁਾ ਗੁਾ | ਗੁਾ ਗੁਾ | ਰੇ ਗੁਾ | ਰੇ ਸਾ | ਰੇ ਰੇ | ਗੁਾ ਗੁਾ |

| | | | | | |
|---|---|---|---|---|---|
| ਰਾਹ | ਜੰਗ | ਲਾਂ ऽ ਦੇ ऽ | ਪੈ | ਗਏ | ਨੇ ऽऽऽ |
| ਰੇ ਗੁਾ | ਰੇ ਸਾ | ਰੇ ਰੇ ਗੁਾ ਗੁਾ | ਰੇ ਰੇ | ਸਾ ਸਾ | ਸਾ ਸਾ ਸਾ ਸਾ |

**2 ਨੰਬਰ ਅਗਲੀ ਲਾਇਨ ਅੰਤਰੇ ਦੀਆਂ ਸੁਰਾਂ ਤੇ**

**3 ਨੰਬਰ ਅਗਲੀ ਲਾਇਨ ਅਸਥਾਈ ਦੀਆਂ ਸੁਰਾਂ ਤੇ**

*ਦਾਸ : ਹਰਦੇਵ ਸਿੰਘ ਦੀਵਾਨਾ*

*ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ : 98765-25822*

ਸੇਵਾ ਤੇ ਸਿਮਰਨ ਦੇ ਪੁੰਜ

# ਭਾਈ ਘਨੱਈਆ ਜੀ ਦਾ ਜੀਵਨ

*—ਸੰਤ ਗਿਆਨੀ ਸੁਰਜੀਤ ਸਿੰਘ (ਸੇਵਾ ਪੰਥੀ)*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਭਾਈ ਘਨੱਈਆ ਜੀ ਦੀ ਪਿੱਠ ਪਿੱਛੇ ਹੋ ਕੇ ਆਪਣੇ ਢਿੱਡ ਵਿੱਚ ਛੁਰਾ ਮਾਰਨ ਲੱਗਾ ਸੀ ਕਿ ਭਾਈ ਜੀ ਨੇ ਕਿਹਾ, "ਠਹਿਰ ਜਾ। ਯਾਦ ਰੱਖ, ਇਸ ਤਰ੍ਹਾਂ ਆਤਮ-ਹੱਤਿਆ ਕਰਨ ਨਾਲ ਤੂੰ ਕਦੀ ਵੀ ਬਹਿਸ਼ਤਾਂ ਵਿੱਚ ਨਹੀਂ ਜਾਵੇਗਾ। ਐਵੇਂ ਮਨੁੱਖਾ ਜਨਮ ਨਿਸਫਲ ਕਿਉਂ ਗੁਆਉਣ ਲੱਗਾ ਹੈ? ਤੈਨੂੰ ਖੁਦਾ ਦੀ ਬੰਦਗੀ ਕਰਨੀ ਚਾਹੀਦੀ ਹੈ। ਇੱਕ ਤੁੱਛ ਜਿਹੇ ਪਾਰਸ ਪਿੱਛੇ ਮਰਨ ਲੱਗਾ ਹੈ। ਜਾਹ ਨਦੀ ਵਿੱਚ ਵੜ ਕੇ ਕੱਢ ਲੈ।"

ਭਾਈ ਘਨੱਈਆ ਜੀ ਦੇ ਬਚਨਾਂ ਨੂੰ ਸੁਣ ਕੇ ਪਠਾਣ ਕੁਝ ਝਿਜਕ ਗਿਆ ਤੇ ਹੌਲੀ ਜਿਹੀ ਕਿਹਾ, "ਇਤਨੇ ਜ਼ੋਰ ਦੀ ਨਦੀ ਚੱਲ ਰਹੀ ਹੈ। ਕਈ ਘੁੰਮਣ-ਘੇਰੀਆਂ ਪੈ ਰਹੀਆਂ ਹਨ, ਹੁਣ ਕੀ ਪਤਾ ਲੱਗਣਾ ਹੈ ਕਿ ਪਾਰਸ ਕਿੱਥੇ ਚਲਾ ਗਿਆ ਹੈ।" ਤਾਂ ਭਾਈ ਘਨੱਈਆ ਜੀ ਨੇ ਕਿਹਾ, "ਹੇ ਸਾਈਂ ਲੋਕਾ! ਅਸੀਂ ਤਾਂ ਤੇਰਾ ਪਾਰਸ ਖੁਦਾ ਦੇ ਖਜ਼ਾਨੇ ਵਿੱਚ ਪੁਚਾ ਦਿੱਤਾ ਸੀ, ਜਿੱਥੇ ਅੱਗੇ ਇਸ ਨਾਲੋਂ ਵੀ ਉੱਤਮ ਤੇ ਅਣਮੁੱਲੇ ਪਾਰਸਾਂ ਦਾ ਸ਼ੁਮਾਰ ਹੀ ਨਹੀਂ ਆਉਂਦਾ ਕਿ ਕਿਤਨੇ ਪਾਰਸ ਹਨ। ਹੱਛਾ, ਜੇ ਤੈਨੂੰ ਸ਼ਾਂਤੀ ਨਹੀਂ ਅਤੇ ਤੂੰ ਦੁਖੀ ਹੈਂ ਤਾਂ ਅਸੀਂ ਤੇਰਾ ਪਾਰਸ ਵਾਪਸ ਲੈ ਦਿੰਦੇ ਹਾਂ।"

ਉਸ ਵੇਲੇ ਆਪ ਜੀ ਨੇ ਨਦੀ ਨੂੰ ਹੁਕਮ ਕੀਤਾ, "ਹੇ ਹਰੋ! ਇਹ ਪਠਾਣ ਪਾਰਸ ਪਿੱਛੇ ਬਿਹਬਲ ਹੋਇਆ ਮਰਨੇ ਨੂੰ ਖਲੋਤਾ ਹੈ, ਤੂੰ ਖਲੋ ਕੇ ਇਸ ਨੂੰ ਇਸ ਦਾ ਪਾਰਸ ਦੇ ਦੇਹ।"

ਭਾਈ ਘਨੱਈਆ ਜੀ ਦਾ ਇਹ ਬਚਨ ਸੁਣ ਕੇ ਨਦੀ ਖਲ੍ਹੋ ਗਈ, ਖਲੋਂਦਿਆਂ ਸਾਰ ਹੀ ਜਿੱਥੇ ਪਾਰਸ ਦੀ ਗੀਟੀ ਸੁੱਟੀ ਸੀ, ਉੱਥੋਂ ਪਾਣੀ ਪਾਟ ਗਿਆ। ਇਧਰ ਦਾ ਪਾਣੀ ਇਧਰ ਤੇ ਉਧਰ ਦਾ ਪਾਣੀ ਉਧਰ ਹੋ ਗਿਆ। ਵਿਚਕਾਰੋਂ ਨਦੀ ਦਾ ਥੱਲਾ ਦਿੱਸਣ ਲੱਗ ਪਿਆ ਜਿੱਥੇ ਕਰੋੜਾਂ ਹੀ ਪਾਰਸ ਪਏ ਸਨ ਤੇ ਭਾਈ ਜੀ ਨੇ ਕਿਹਾ, "ਹੇ ਸਾਈਂ ਲੋਕਾ! ਤੂੰ ਆਪਣਾ ਪਾਰਸ ਪਛਾਣ ਕੇ ਚੁੱਕ ਲੈ।"

ਇਸ ਤਰ੍ਹਾਂ ਦਾ ਕੌਤਕ ਦੇਖ ਕੇ ਪਠਾਣ ਅਸਚਰਜ ਹੋ ਗਿਆ। ਮੂੰਹ ਅੱਡਿਆ ਰਹਿ ਗਿਆ। ਭਾਈ ਘਨੱਈਆ ਜੀ ਦੇ ਚਰਨਾਂ 'ਤੇ ਡਿੱਗ ਪਿਆ। ਉਠਾਇਆ, ਥਾਪੜਾ ਦਿੱਤਾ, ਉਪਦੇਸ਼ ਕੀਤਾ। ਫਿਰ ਉਹ ਪਠਾਣ ਘਰ ਨਹੀਂ ਗਿਆ, ਉੱਥੇ ਭਾਈ ਘਨੱਈਆ ਜੀ ਪਾਸ ਸੇਵਾ ਵਿਖੇ ਹੀ ਜੁੱਟ ਗਿਆ।

ਜਿਸ ਵੇਲੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹਿੰਦੂ ਧਰਮ ਦੀ ਰੱਖਿਆ ਨਮਿਤ ਦਿੱਲੀ ਸ਼ਹਿਰ, ਚਾਂਦਨੀ ਚੌਂਕ ਵਿਖੇ ਸੀਸ ਬਲੀਦਾਨ ਕੀਤਾ ਸੀ ਤਾਂ ਉਸ ਵੇਲੇ ਆਪ ਜੀ ਦੀ ਕੁਰਬਾਨੀ ਦੀ ਖਬਰ ਸਾਰੇ ਦੇਸ਼ ਵਿੱਚ ਜੰਗਲ ਦੀ ਅੱਗ ਦੀ ਨਿਆਈਂ ਫੈਲ ਗਈ। ਸਾਰੇ ਪਾਸੇ ਹਾਹਾਕਾਰ ਮੱਚ ਗਈ। ਹਰ ਕਿਸੇ ਦੀ ਜ਼ਬਾਨ 'ਤੇ ਇਹੋ ਗੱਲ ਸੀ ਕਿ ਔਰੰਗੇ ਨੇ ਇਹ ਠੀਕ ਨਹੀਂ ਕੀਤਾ। ਹੁਣ ਇਸ ਦੀਆਂ ਜ਼ਰੂਰ ਹੀ ਜੜ੍ਹਾਂ ਪੁੱਟੀਆਂ ਜਾਣਗੀਆਂ, ਇਸ ਦਾ ਰਾਜ ਹੁਣ ਰਹਿ ਨਹੀਂ

ਸਕਦਾ।

ਗੁਰਦੇਵ ਪਿਤਾ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਹੁਕਮ-

***ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥***

*(ਅੰਗ ੧੪੨੯)*

ਅਨੁਸਾਰ ਕਲਗੀਧਰ ਦਸਮੇਸ਼ ਪਿਤਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਗੁਰਗੱਦੀ 'ਤੇ ਸੁਸ਼ੋਭਿਤ ਹੋਏ।

ਇਹ ਸਾਰੀ ਵਾਰਤਾ ਪਿਸ਼ਾਵਰ ਦੇ ਮਸੰਦ ਨੇ ਭਾਈ ਘਨੱਈਆ ਜੀ ਨੂੰ ਆ ਕੇ ਸੁਣਾਈ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਖਬਰ ਸੁਣ ਕੇ ਮਨ ਵਿੱਚ ਬਹੁਤ ਉਦਾਸੀ ਛਾ ਗਈ। ਕਈ ਦਿਨ ਅੰਨ-ਜਲ ਛਕੇ ਬਗੈਰ ਵੈਰਾਗ ਵਿਖੇ ਬੀਤ ਗਏ।

ਕੁਝ ਦਿਨ ਪਿੱਛੋਂ ਜਿਸ ਵੇਲੇ ਮਨ ਟਿਕਾਣੇ ਆਇਆ ਤਾਂ ਸੰਕਲਪ ਹੋਇਆ, ਚਲੋ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰ ਆਈਏ, ਮਨ ਨੂੰ ਕੁਝ ਧੀਰਜ ਹੋ ਆਵੇਗਾ। ਇਸ ਤਰ੍ਹਾਂ ਦਾ ਸੰਕਲਪ ਕਰਕੇ ਦਰਸ਼ਨਾਂ ਦੇ ਵਾਸਤੇ ਤਿਆਰ ਹੋ ਗਏ। ਹੋਰ ਵੀ ਕਾਫੀ ਸੰਗਤ ਨਾਲ ਜਾਣ ਲਈ ਤਿਆਰ ਹੋ ਗਈ। ਇਸ ਤਰ੍ਹਾਂ ਸਿੱਖ ਸੰਗਤਾਂ ਦੇ ਜੱਥੇ ਨੂੰ ਲੈ ਕੇ ਗੁਰ-ਸ਼ਬਦ ਦੀ ਧੁਨ ਲਗਾਂਦੇ ਭਾਈ ਘਨੱਈਆ ਜੀ 'ਕਹਵੇ' ਸ਼ਹਿਰ ਤੋਂ ਚੱਲ ਗਏ।

ਰਸਤੇ ਵਿੱਚ ਗੁਰਬਾਣੀ ਦਾ ਕੀਰਤਨ ਕਰਦੇ ਤੇ ਉਪਦੇਸ਼ ਦਿੰਦੇ ਜਾਂਦੇ ਸਨ। ਰਸਤੇ ਵਿੱਚ ਵੀ ਕਾਫ਼ੀ ਸੰਗਤਾਂ ਦਰਸ਼ਨਾਂ ਲਈ ਨਾਲ ਆ ਰਲੀਆਂ। ਰਾਤ ਪੈਣ 'ਤੇ ਦੀਵਾਨ ਲੱਗਦਾ ਤਾਂ ਭਾਈ ਘਨੱਈਆ ਜੀ ਸਿੱਖੀ ਦਾ ਪ੍ਰਚਾਰ ਕਰਦੇ, ਨਾਮ ਸਿਮਰਨ ਕਰਵਾਉਂਦੇ। ਇਸ ਤਰ੍ਹਾਂ ਕਹਵੇ ਤੋਂ ਗੁਰਬਾਣੀ ਦਾ ਅਨੰਦ ਮਾਣਦਿਆਂ ਅਨੰਦਪੁਰੀ ਪੁੱਜਣ 'ਤੇ ਲਗਭਗ ਤਿੰਨ-ਚਾਰ ਮਹੀਨੇ ਲੱਗ ਗਏ। ਤਿੰਨ-ਚਾਰ ਮਹੀਨਿਆਂ ਤੋਂ ਮਗਰੋਂ ਅਨੰਦ ਕਰਦੇ ਪੂਰਨ ਅਨੰਦਪੁਰੀ ਦੇ ਦਰਸ਼ਨ ਹੋਏ। ਸੰਗਤਾਂ ਵਿੱਚ ਹੋਰ ਵੀ ਉਤਸ਼ਾਹ ਵਧਿਆ। ਦੂਰੋਂ ਹੀ ਨੰਗੇ ਪੈਰੀਂ ਡੰਡਉਤ ਬੰਦਨਾ ਕਰਦੇ ਆਉਂਦੇ ਹਨ।

ਭਾਈ ਸਾਹਿਬ ਜੀ ਦੇ ਹਿਰਦੇ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਨਮੋਹਣੀ ਮੂਰਤ ਵੱਸੀ ਹੋਈ ਹੈ। ਰਸਨਾ 'ਤੇ ਸ਼ਬਦ ਦਾ ਪਾਠ ਹੈ, ਬਿਰਤੀ ਸਤਿਗੁਰਾਂ ਦੇ ਚਰਨਾਂ ਵਿੱਚ ਜੁੜੀ ਹੋਈ ਹੈ। ਅਨੋਖੀ ਮਸਤੀ ਵਿੱਚ ਮਸਤ ਹਾਥੀ ਵਾਂਗੂੰ ਝੂਮਦੇ ਸ਼ਬਦ ਪੜ੍ਹਦੇ ਆ ਰਹੇ ਹਨ। ਮਗਰ-ਮਗਰ ਸਿੱਖ ਸੰਗਤਾਂ ਬੜੇ ਪ੍ਰੇਮ ਤੇ ਰਸੀਲੀ ਸੁਰ ਨਾਲ ਸ਼ਬਦ ਪੜ੍ਹਦੀਆਂ ਆ ਰਹੀਆਂ ਹਨ। ਇਧਰ ਦੀਵਾਨ ਸਜਿਆ ਹੋਇਆ ਹੈ, ਦੂਰ-ਦੁਰਾਡਿਓਂ ਸੰਗਤਾਂ ਹੁੰਮ-ਹੁਮਾ ਕੇ ਦਰਸ਼ਨਾਂ ਨੂੰ ਆ ਰਹੀਆਂ ਸਨ।

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੱਚਾ ਪ੍ਰੇਮੀ ਤੇ ਪੂਰਨ ਸਿੱਖ ਜਾਣ ਮੇਵੜੇ ਨੂੰ ਪਾਸ ਸੱਦ ਕੇ ਦੂਰੋਂ ਆਉਂਦੀ ਸੰਗਤ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਜਾਓ ਅਤੇ ਉਹ ਜਿਹੜੀ ਸੰਗਤ ਦਰਸ਼ਨਾਂ ਵਾਸਤੇ ਆ ਰਹੀ ਹੈ, ਉਸ ਨੂੰ ਸਿੱਧੇ ਸਾਡੇ ਪਾਸ ਲੈ ਆਓ।

ਉਹ ਮੇਵੜਾ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਭਾਈ ਘਨੱਈਆ ਜੀ ਪਾਸ ਪੁੱਜਾ ਤੇ ਜਾ ਫੁਰਮਾਨ ਸੁਣਾਇਆ। ਹੁਕਮਨਾਮਾ ਸੁਣਦਿਆਂ ਸਾਰ ਹੀ ਚਾਅ ਚੜ੍ਹ ਗਿਆ। ਸੰਗਤ ਸਮੇਤ ਭਾਈ ਘਨੱਈਆ ਜੀ ਜਲਦੀ-ਜਲਦੀ ਕਦਮ ਪੁੱਟਦੇ ਹੋਏ ਸਤਿਗੁਰਾਂ ਦੇ ਚਰਨਾਂ ਵਿੱਚ ਪੁੱਜ ਕੇ ਚਰਨਾਂ 'ਤੇ ਮੱਥਾ ਟੇਕਿਆ। ਪਵਿੱਤਰ ਚਰਨ-ਕਵਲਾਂ ਦੀ ਛੂਹ ਪ੍ਰਾਪਤ ਕੀਤੀ। ਚਰਨ-ਧੂੜੀ ਲੈ ਕੇ ਪ੍ਰੇਮ ਸਹਿਤ ਮੱਥੇ 'ਤੇ ਲਾਈ। ਬਾਲਾ ਪ੍ਰੀਤਮ ਜੀ ਦੇ ਦਰਸ਼ਨ ਕਰਦੇ-ਕਰਦੇ ਭਾਈ ਘਨੱਈਆ ਜੀ ਰੱਜਦੇ ਨਹੀਂ ਸਨ। ਕਿਤਨਾ ਚਿਰ ਸਤਿਗੁਰਾਂ ਦੇ ਚਰਨਾਂ ਵਿੱਚ ਬੈਠ ਕੇ ਸਤਿਗੁਰਾਂ ਦੇ ਪਵਿੱਤਰ ਮੁਖਾਰਬਿੰਦ ਤੋਂ ਅਮੋਲਕ ਬਚਨ ਸੁਣਦੇ

ਰਹੇ। ਸਤਿਗੁਰਾਂ ਦੇ ਹੁਕਮ ਅਨੁਸਾਰ ਮਸ਼ਕ ਲੈ ਕੇ ਸੰਗਤਾਂ ਦੀ ਲੰਗਰ ਵਾਸਤੇ ਜਲ ਦੀ ਸੇਵਾ ਕਰਨ ਲੱਗ ਪਏ। ਕੁਝ ਦਿਨ ਰਹਿ ਕੇ ਹੋਰ ਤਾਂ ਸਾਰੀ ਸੰਗਤ ਵਾਪਸ ਚਲੀ ਗਈ ਪਰ ਭਾਈ ਘਨੱਈਆ ਜੀ ਅਨੰਦਪੁਰੀ ਸਤਿਗੁਰਾਂ ਦੇ ਚਰਨਾਂ ਵਿੱਚ ਹੀ ਰਹੇ।

ਭਾਈ ਘਨੱਈਆ ਜੀ ਦਾ ਸੁਭਾਅ ਇਤਨਾ ਸਮਦ੍ਰਿਸ਼ਟੀ ਵਾਲਾ ਬਣ ਗਿਆ ਸੀ ਕਿ ਜੰਗ ਦੇ ਮੈਦਾਨ ਵਿੱਚ ਜਾ ਕੇ ਵੀ ਜ਼ਖਮੀਆਂ ਨੂੰ ਪਾਣੀ ਪਿਲਾਂਦੇ। ਕਈ ਵਾਰ ਸਿੱਖ ਮਨ੍ਹਾ ਕਰਦੇ ਕਿ ਤੁਸੀਂ ਦੁਸ਼ਮਣਾਂ ਨੂੰ ਪਾਣੀ ਨਾ ਪਿਲਾਓ। ਕਈਆਂ ਨੇ ਸਤਿਗੁਰਾਂ ਪਾਸ ਸ਼ਿਕਾਇਤਾਂ ਲਗਾਈਆਂ ਕਿ ਹੇ ਗਰੀਬ ਨਿਵਾਜ਼! ਆਪ ਜੀ ਦਾ ਜੋ ਮਾਸ਼ਕੀ ਭਾਈ ਘਨੱਈਆ ਹੈ, ਉਹ ਦੁਸ਼ਮਣਾਂ ਨੂੰ ਪਾਣੀ ਪਿਲਾ ਕੇ ਫਿਰ ਸੁਰਜਿਤ ਕਰੀ ਜਾਂਦਾ ਹੈ ਜਿਨ੍ਹਾਂ ਨੂੰ ਅਸੀਂ ਬੜੀ ਮੁਸ਼ਕਿਲ ਨਾਲ ਘਾਇਲ ਕਰਦੇ ਹਾਂ। ਅਸੀਂ ਤਾਂ ਲੜਦੇ-ਲੜਦੇ ਥੱਕ ਜਾਂਦੇ ਹਾਂ ਉਹ ਘੁੱਟ-ਘੁੱਟ ਪਾਣੀ ਪਿਲਾ ਕੇ ਉਨ੍ਹਾਂ ਨੂੰ ਫਿਰ ਲੜਨ ਲਈ ਤਿਆਰ ਕਰ ਦਿੰਦਾ ਹੈ। ਇਸ ਤਰ੍ਹਾਂ ਕਈਆਂ ਨੇ ਭਾਈ ਘਨੱਈਆ ਜੀ ਵਿਰੁੱਧ ਸ਼ਿਕਾਇਤਾਂ ਲਾਈਆਂ।

ਸਤਿਗੁਰੂ ਜੀ ਨੇ ਭਾਈ ਘਨੱਈਆ ਜੀ ਨੂੰ ਬੁਲਾ ਕੇ ਪੁੱਛਿਆ, "ਹੇ ਭਾਈ ਘਨੱਈਆ! ਸਾਰੇ ਸਿੰਘ ਸ਼ਿਕਾਇਤ ਕਰ ਰਹੇ ਹਨ ਕਿ ਤੂੰ ਦੁਸ਼ਮਣਾਂ ਨੂੰ ਪਾਣੀ ਪਿਲਾਂਦਾ ਹੈਂ ਤੇ ਪਾਣੀ ਪਿਲਾ-ਪਿਲਾ ਕੇ ਸੁਰਜਿਤ ਕਰੀ ਜਾਂਦਾ ਹੈਂ। ਤੂੰ ਦੁਸ਼ਮਣਾਂ ਨੂੰ ਪਾਣੀ ਕਿਉਂ ਪਿਲਾਂਦਾ ਹੈਂ?"

"ਹੇ ਸੱਚੇ ਪਾਤਸ਼ਾਹ ਜੀ! ਮੈਂ ਕਿਸੇ ਦੁਸ਼ਮਣ ਨੂੰ ਪਾਣੀ ਨਹੀਂ ਪਿਲਾਇਆ।" ਸਤਿਗੁਰੂ ਜੀ ਮੈਂ ਤਾਂ ਆਪ ਜੀ ਨੂੰ ਪਾਣੀ ਪਿਲਾਂਦਾ ਹਾਂ। ਤੁਰਕ ਕੀ, ਪਹਾੜੀਏ ਕੀ, ਸਿੱਖ ਕੀ ਮੈਨੂੰ ਤਾਂ ਸਾਰਿਆਂ ਵਿੱਚ ਆਪ ਜੀ ਦਾ ਹੀ ਨੂਰ ਨਜ਼ਰ ਆਉਂਦਾ ਹੈ। ਤੁਸੀਂ ਆਪ ਹੀ ਪਾਣੀ ਮੰਗਦੇ ਹੋ ਤੇ ਮੈਂ ਪਾਣੀ ਪਿਲਾ ਦਿੰਦਾ ਹਾਂ। ਆਪ ਜੀ ਦੀ ਬਖਸ਼ਿਸ ਮਿਹਰੰਮਤ ਦਾ ਸਦਕਾ ਆਪ ਜੀ ਤੋਂ ਬਿਨਾਂ ਹੋਰ ਕੋਈ ਨਜ਼ਰ ਹੀ ਨਹੀਂ ਆਉਂਦਾ। ਆਪ ਜੀ ਤੋਂ ਬਿਨਾਂ ਹੋਰ ਕਿਸ ਨੂੰ ਪਾਣੀ ਪਿਲਾਂਦਾ ਹਾਂ? ਮੈਂ ਤਾਂ ਆਪ ਜੀ ਨੂੰ ਹੀ ਪਾਣੀ ਪਿਲਾਂਦਾ ਹਾਂ।" ਯਥਾ-

***"ਤੈਨੂੰ ਪਿਆ ਪਿਲਾਵਾਂ ਪਾਣੀ, ਸਿਰ ਮੇਰੇ ਦੇ ਸਾਂਈਂ।***
***ਤੁਰਕ ਅਤੁਰਕ ਨਾ ਦਿੱਸਦਾ ਮੈਨੂੰ, ਤੂੰ ਸਾਰੇ ਦਿੱਸ ਆਈ।"***

ਭਾਈ ਘਨੱਈਆ ਜੀ ਦੇ ਅਭੇਦਵਾਦ ਦੀ ਦ੍ਰਿਸ਼ਟੀ ਤੇ ਅਭੇਦਵਾਦ ਦੇ ਬਚਨਾਂ ਨੂੰ ਸੁਣ ਕੇ ਸਤਿਗੁਰਾਂ ਨੂੰ ਅਤਿਅੰਮ ਪ੍ਰਸੰਨਤਾ ਹੋਈ। ਇਤਨੇ ਪ੍ਰਸੰਨ ਹੋਏ ਕਿ ਭਾਈ ਘਨੱਈਆ ਜੀ ਨੂੰ ਆਪਣੇ ਪਵਿੱਤਰ ਹਸਤ-ਕੰਵਲਾਂ ਨਾਲ ਪਕੜ ਕੇ ਉਠਾਇਆ ਤੇ ਛਾਤੀ ਨਾਲ ਲਗਾਉਂਦਿਆਂ ਥਾਪੜਾ ਦਿੱਤਾ, "ਹੇ ਗੁਰਸਿੱਖਾ! ਤੂੰ ਧੰਨ ਹੈਂ! ਧੰਨ ਤੇਰੀ ਕਮਾਈ ਹੈ।" ਤੇ ਕਿਹਾ, "ਹੇ ਭਾਈ ਘਨੱਈਆ ਜੀ, ਜਿੱਥੇ ਪਾਣੀ ਪਿਲਾਂਦੇ ਹੋ, ਇਹ ਮਲ੍ਹਮ ਦੀ ਡੱਬੀ ਤੇ ਪੱਟੀ ਵੀ ਲਓ, ਜਿੱਥੇ ਕਿਤੇ ਫੱਟ ਦੇਖੋ, ਮਲ੍ਹਮ ਪੱਟੀ ਵੀ ਕਰ ਦੇਣੀ।" ਯਥਾ-

***ਤੁਠੇ ਤੇ ਗਲ ਲਾਇਆ ਪਿਆਰਾ, ਡੱਬੀ ਹੱਥ ਫੜਾਈ।***
***ਪਾਣੀ ਨਾਲ ਮਲ੍ਹਮ ਭੀ ਰੱਖੀਂ, ਲੋੜ ਪਈ ਤੇ ਲਾਈਂ।***

ਫਿਰ ਸਤਿਗੁਰੂ ਜੀ ਲੇ ਇੱਕ ਦਸਤੀ ਰੁਮਾਲ ਦੀ ਬਖਸ਼ਿਸ਼ ਕਰਕੇ ਇੰਝ ਕਿਹਾ, "ਇਸ ਰੁਮਾਲ ਨਾਲ ਜ਼ਖ਼ਮੀਆਂ ਦਾ ਮੂੰਹ ਵੀ ਪੂੰਝ ਦਿਆ ਕਰ।" ਯਥਾ-

***ਸੁਨ ਕਲਗੀਧਰ ਮਨ ਮੁਦ ਠਾਨਾ॥***
***ਹੋਇ ਤੁਸਟ ਬਰ ਦਯੋ ਮਹਾਨਾ॥***
***ਨਿਜ ਕਰ ਕਾ ਰੁਮਾਲ ਬਖਸੀਓ॥***
***ਰਿਧ ਸਿਧ ਦੈ ਪੂਰਨ ਕੀਓ॥੪੮॥***

***(ਪੰਥ ਪ੍ਰਕਾਸ਼ ਅਧਿਆਇ ੧੩, ਗਿ: ਗਿਆਨ ਸਿੰਘ)***

ਇਸ ਤਰ੍ਹਾਂ ਦੀਆਂ ਮਿਹਰਾਂ ਬਖਸ਼ਿਸ਼ਾਂ ਕਰਦੇ ਹੋਏ ਸਤਿਗੁਰਾਂ ਨੇ ਵਰ ਦਿੱਤਾ, "ਹੇ ਭਾਈ ਘਨੱਈਆ ਜੀ! ਪਹਿਲੇ ਤੁਸਾਂ ਸਾਡੇ ਗੁਰਦੇਵ ਪਿਤਾ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਕਰਕੇ ਪ੍ਰਸੰਨਤਾ ਪ੍ਰਾਪਤ ਕੀਤੀ ਹੈ। ਹੁਣ ਸਾਡੇ ਪਾਸ ਰਹਿ ਕੇ ਆਗਿਆ ਦੀ ਪਾਲਣਾ ਰੂਪ ਸੇਵਾ ਕਰਕੇ ਸਾਨੂੰ ਬਹੁਤ ਪ੍ਰਸੰਨ ਕੀਤਾ ਹੈ। ਅਸੀਂ ਤੁਹਾਡੇ 'ਤੇ ਤੁੱਠੇ ਹਾਂ। ਤੁਹਾਡੀ ਸੇਵਾ, ਸਤਿ ਬਚਨ ਤੇ ਨਾਮ ਸਿਮਰਨ ਨੇ ਬੰਨ੍ਹ ਲਿਆ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦੀਆਂ ਤੁਹਾਡੇ ਤੇ ਮਿਹਰਾਂ ਹਨ। ਸਤਿਗੁਰਾਂ ਦੀ ਕ੍ਰਿਪਾ ਨਾਲ ਰਿੱਧੀਆਂ-ਸਿੱਧੀਆਂ ਤੁਹਾਡੇ ਅੱਗੇ-ਪਿੱਛੇ ਲੱਗੀਆਂ ਫਿਰਨਗੀਆਂ। ਕਿਸੇ ਗੱਲ ਦੀ ਤੋਟ ਨਹੀਂ ਆਵੇਗੀ।

ਇਤਨੀਆਂ ਬਖਿਸ਼ਸ਼ਾਂ ਕਰਦਿਆਂ ਸਤਿਗੁਰੂ ਜੀ ਨੇ ਇਹ ਵੀ ਵਰ ਦਿੱਤਾ ਕਿ, "ਤੁਹਾਡੇ ਨਾਮ ਤੇ ਸੇਵਾ ਪੰਥੀ, ਭੇਖ ਚੱਲੇਗਾ ਜਿਸ ਵਿੱਚ ਬੜੇ-ਬੜੇ ਮਹਾਂਪੁਰਸ਼, ਬ੍ਰਹਮ-ਗਿਆਨੀ, ਬੜੇ ਜਤੀ-ਸਤੀ, ਤਪੀ ਹੋਵਣਗੇ, ਨਾਮ-ਰਸੀਏ ਤੇ ਦੁਨੀਆਂ ਨੂੰ ਨਾਮ ਜਪਾ ਕੇ ਤਾਰਨ ਵਾਲੇ ਹੋਣਗੇ। ਯਥਾ-

*ਇਹ ਭੀ ਅਪਨੋ ਪੰਥ ਪ੍ਰਕਾਸ਼ੈ ॥*
*ਬਹੁ ਲੋਕਨ ਕੀ ਕੁਮਤਿ ਬਿਨਾਸੈ ॥*
*ਸੁਨਿ ਪ੍ਰਭ ਤੇ ਸਬ ਸਿਖ ਅਨੰਦੇ ॥*
*ਦ੍ਵੈਤ ਹਤੀ ਲਹਿ ਬ੍ਰਹਿਮ ਅਨੰਦੇ ॥*

ਆਪ ਜੀ ਦੀ ਸੇਵਾ ਪੂਰੀ ਹੋ ਗਈ ਹੈ। ਸਤਿਗੁਰਾਂ ਨੇ ਘਾਲ ਥਾਇ ਪਾਈ ਹੈ ਅਤੇ ਖਾਲਸਾ ਜੀ ਨੂੰ ਵੀ ਕਿਹਾ, "ਹੇ ਖਾਲਸਾ ਜੀ ! ਇਸ ਗੁਰਸਿੱਖ ਦੀ ਬਿਰਤੀ ਬਹੁਤ ਉੱਚੀ ਹੋ ਗਈ ਹੈ ਇਸ ਲਈ ਇਸ ਨੂੰ ਕੁਝ ਨਾ ਕਹਿਣਾ। ਜਿੱਥੇ ਜੀਅ ਆਵੇ, ਜੋ ਚਾਹੇ ਕਰੇ, ਇਸ ਨੂੰ ਰੋਕਣਾ ਨਾ।"

ਇਸ ਤਰ੍ਹਾਂ ਸਤਿਗੁਰਾਂ ਦੀਆਂ ਬਖਸ਼ਿਸ਼ਾਂ ਅਤੇ 'ਸੇਵਾ ਪੰਥੀ' ਭੇਖ ਚੱਲਣ ਦਾ ਵਰ ਪ੍ਰਾਪਤ ਹੋਣ ਤੇ ਵੀ ਭਾਈ ਘਨੱਈਆ ਜੀ ਨੇ ਜਲ ਦੀ ਸੇਵਾ ਨਹੀਂ ਛੱਡੀ। ਉਸੇ ਲਗਨ ਵਿੱਚ ਜਲ ਦੀ ਸੇਵਾ ਕਰਦੇ ਰਹੇ ਪਰ ਹੁਣ ਕੋਈ ਵੀ ਸਿੱਖ ਆਪ ਜੀ ਨੂੰ ਕੁਝ ਨਹੀਂ ਸੀ ਕਹਿੰਦਾ। ਥੋੜ੍ਹੇ ਸਮੇਂ ਮਗਰੋਂ ਹੀ ਸਤਿਗੁਰਾਂ ਦੀ ਆਗਿਆ ਅਨੁਸਾਰ ਵਾਪਸ, 'ਕਹਵੇ' ਦੀ ਧਰਮਸ਼ਾਲਾ ਪਰਤ ਆਏ। ਸਾਰੇ ਆਖੋ ਜੀ :

***ਸੇਵਾ ਤੇ ਸਿਮਰਨ ਦੇ ਪੁੰਜ ਭਾਈ ਘਨਈਆ ਜੀ***
***ਧੰਨ ਤੁਹਾਡੀ ਸੇਵਾ, ਧੰਨ ਤੁਹਾਡੀ ਕਮਾਈ।***

---

*ਪੰਨਾ 11 ਦਾ ਬਾਕੀ ਹਿੱਸਾ—*

ਜਿਸ ਦੇ ਸਦਕੇ ਇਹ ਸਾਰੇ ਸੱਚਖੰਡ ਨੂੰ ਗਏ ਹਨ। ਇਸ ਨੇ ਭਾਵੇਂ ਕੋਈ ਮੰਗ ਨਹੀਂ ਮੰਗੀਂ ਤੇ ਧੰਨ ਗੁਰੂ ਨਾਨਕ ਦੇਵ ਜੀ ਦੀ ਬਖਸ਼ਿਸ਼ ਨਾਲ ਅਸੀਂ ਆਪ ਦਿੰਦੇ ਹਾਂ। ਮਹਾਰਾਜ ਜੀ ਦੇ ਮੁੱਖ ਵਿੱਚੋਂ ਬਚਨ ਨਿਕਲੇ। ਪਹਿਲਾ ਬਚਨ- ਕਹਿਣ ਲੱਗੇ, ਇਸ ਨੇ ਨਹੀਂ ਮੰਗਿਆ, ਮੈਂ ਆਪ ਦਿੰਦਾ ਹਾਂ। ਇਨ੍ਹਾਂ ਨੂੰ ਚਾਲੀ ਮੁਕਤਿਆ ਦਾ ਖਿਤਾਬ ਮਿਲੇਗਾ। ਇਹ ਖਿਤਾਬ ਦਿੱਤਾ ਤਾਂ ਹੀ ਅਸੀਂ ਕਹਿੰਦੇ ਹਾਂ ਚਾਲੀ ਮੁਕਤੇ। ਮਹਾਰਾਜ ਜੀ ਕਹਿੰਦੇ, ਪਹਿਲਾ ਇਨ੍ਹਾਂ ਨੂੰ ਮੁਕਤਿਆਂ ਦਾ ਖਿਤਾਬ ਦਿੱਤਾ ਤੇ ਦੂਜਾ ਰੋਜ਼ ਦੀ ਅਰਦਾਸ ਵਿੱਚ ਇਨ੍ਹਾਂ ਦਾ ਨਾਂ ਲਿਆ ਜਾਵੇਗਾ। ਤੀਜਾ ਬਚਨ ਕੀਤਾ, ਜਿੱਥੇ ਕੌਤਕ ਹੋਇਆ, ਸ੍ਰੀ ਮੁਕਤਸਰ ਸਾਹਿਬ, ਅੱਜ ਦੇ ਦਿਨ ਹਰ ਸਾਲ ਜਿਹੜਾ ਇੱਥੇ ਦਰਸ਼ਨ ਕਰਨ ਆਇਆ ਕਰੇਗਾ, ਸੱਚੇ ਹਿਰਦੇ ਨਾਲ, ਉਸ ਦੀ ਵੀ ਗੁਰੂ ਘਰ ਵਿੱਚੋਂ ਮੁਕਤੀ। ਮਹਾਰਾਜ ਜੀ ਕਹਿਣ ਲੱਗੇ ਜਿਹੜਾ ਸੰਗਤ ਵਿੱਚ ਬੈਠ ਕੇ ਇਹ ਸਾਖੀ ਪ੍ਰੇਮ ਨਾਲ ਸੁਣੇਗਾ ਤੇ ਆਪਣੀ ਕਮਜ਼ੋਰੀ ਲੱਭੇਗਾ ਕਿ ਮੈਂ ਵੀ ਵਿਛੜਿਆ ਮਿਲ ਜਾਵਾਂ, ਉਸ ਦੀ ਪਿਆਰ ਨਾਲ ਸਾਖੀ ਸੁਣਨ ਵਾਲੇ ਦੀ ਵੀ ਮੁਕਤੀ। ਅਰਦਾਸ ਕਰੋ, ਜਿੱਥੇ-ਜਿੱਥੇ ਸਾਡੀ ਵੀ ਕਮਜ਼ੋਰੀ ਹੈ, ਸਤਿਗੁਰੂ ਜੀ ! ਆਪ ਹੀ ਮਿਹਰ ਕਰਕੇ ਉਹ ਕਮਜ਼ੋਰੀ ਦੂਰ ਕਰਕੇ ਸਾਡੀ ਵੀ ਟੁੱਟੀ ਗੰਢ ਦਿਓ ਜੀ।

*ਗੁਰੁ ਪੂਰਾ ਮੇਲਾਵੈ ਮੇਰਾ ਪ੍ਰੀਤਮੁ*
*ਹਉ ਵਾਰਿ ਵਾਰਿ ਆਪਣੇ ਗੁਰੂ ਕਉ ਜਾਸਾ ॥੧॥ ਰਹਾਉ ॥*
*(ਅੰਗ ੫੯੦)*

# ਉਹ ਕਿਹੜੀ ਬੀਬੀ ਸੀ ਜਿਸ ਦੀ ਸ਼ਖਸੀਅਤ ਤੇ ਸ਼ਕਤੀ ਤੋਂ ਅੰਗਰੇਜ਼ ਹਕੂਮਤ ਵੀ ਘਬਰਾਉਂਦੀ ਸੀ?

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਚੌਵੀਵਾਂ ਭਾਗ- ਮਹਾਰਾਣੀ ਜਿੰਦ ਕੌਰ ਜੀ

ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਚੌਵੀਵਾਂ ਭਾਗ- ਮਹਾਰਾਣੀ ਜਿੰਦ ਕੌਰ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।

—ਸੰਪਾਦਕ

*ਮਃ ੧॥*

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥*

*(ਅੰਗ ੪੭੩)*

ਸਾਰੀ ਸੰਗਤ ਜੁਗੋ ਜੁਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ, ਸਤਿਕਾਰ ਵਿੱਚ ਅੰਦਰੋਂ ਭਿੱਜ ਕੇ, ਗਜ ਕੇ ਆਖੋ, ਸਤਿਨਾਮੁ ਸ੍ਰੀ ਵਾਹਿਗੁਰੂ ਜੀ।

ਜਿਹੜਾ ਪ੍ਰਕਰਨ ਚੱਲ ਰਿਹਾ ਹੈ, ਸਤਿਗੁਰੂ ਜੀ ਆਪ ਹੀ ਸਿਰ ਤੇ ਹੱਥ ਰੱਖ ਕੇ ਸੇਵਾ ਲੈਣ :

## ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ :

ਪਹਿਲੇ ਭਾਗ ਵਿੱਚ ਆਪ ਜੀ ਨੇ ਬੀਬੀ ਵੀਰੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਸਨ। ਦੂਸਰੇ ਭਾਗ ਵਿੱਚ ਆਪ ਜੀ ਨੇ ਮਾਤਾ ਭਿਰਾਈ ਜੀ ਦੇ ਜੀਵਨ ਦੇ ਦਰਸ਼ਨ ਕੀਤੇ। ਤੀਸਰੇ ਭਾਗ ਵਿੱਚ ਮਾਤਾ ਖੀਵੀ ਜੀ, ਚੌਥੇ ਭਾਗ ਵਿੱਚ ਬੀਬੀ ਭਾਨੀ ਜੀ, ਪੰਜਵੇਂ

ਭਾਗ ਵਿੱਚ ਬੇਬੇ ਨਾਨਕੀ ਜੀ, ਛੇਵੇਂ ਭਾਗ ਵਿੱਚ ਮਾਤਾ ਗੰਗਾ ਜੀ, ਸੱਤਵੇਂ ਭਾਗ ਵਿੱਚ ਮਾਤਾ ਸੁਲੱਖਣੀ ਜੀ, ਅੱਠਵੇਂ ਭਾਗ ਵਿੱਚ ਬੀਬੀ ਰਾਮੋ ਜੀ, ਨੌਵੇਂ ਭਾਗ ਵਿੱਚ ਬੀਬੀ ਕੌਲਾਂ ਜੀ, ਦਸਵੇਂ ਭਾਗ ਵਿੱਚ ਬੀਬੀ ਦੇਸਾਂ ਜੀ, ਗਿਆਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਗੁਜਰ ਕੌਰ ਜੀ, ਬਾਰ੍ਹਵੇਂ ਤੇ ਤੇਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਸਾਹਿਬ ਕੌਰ ਜੀ, ਚੌਦਵੇਂ ਭਾਗ ਵਿੱਚ ਧੰਨ ਧੰਨ ਮਾਤਾ ਭਾਗ ਕੌਰ ਜੀ (ਮਾਈ ਭਾਗੋ ਜੀ), ਪੰਦਰ੍ਹਵੇਂ ਭਾਗ ਵਿੱਚ ਰਾਣੀ ਮੈਣੀ ਜੀ, ਸੋਲ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਮਨਸਾ ਦੇਈ ਜੀ, ਸਤਾਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਜੀਤੋ ਜੀ, ਅਠਾਰ੍ਹਵੇਂ ਭਾਗ ਵਿੱਚ ਬੀਬੀ ਬਸੰਤ ਲਤਾ ਕੌਰ ਜੀ, ਉਨ੍ਹੀਵੇਂ ਭਾਗ ਵਿੱਚ ਧੰਨ ਧੰਨ ਬੀਬੀ ਅਮਰੋ ਜੀ, ਵੀਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਨਾਨਕੀ ਜੀ, ਇੱਕੀਵੇਂ ਭਾਗ ਵਿੱਚ ਧੰਨ ਧੰਨ ਮਾਤਾ ਭਾਗ ਭਰੀ ਜੀ, ਬਾਈਵੇਂ ਭਾਗ ਵਿੱਚ ਬੀਬੀ ਰਜਨੀ ਜੀ, ਤੇਈਵੇਂ ਭਾਗ ਵਿੱਚ ਧੰਨ ਧੰਨ ਮਾਤਾ ਤ੍ਰਿਪਤਾ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਹਨ। ਹੁਣ ਇਸ ਅੰਕ ਵਿੱਚ ਚੌਵੀਵੇਂ ਭਾਗ ਵਿੱਚ ਕਿਸ ਬੀਬੀ ਦੇ ਜੀਵਨ ਦੇ ਦਰਸ਼ਨ ਕਰਨੇ ਹਨ, ਜਿਨ੍ਹਾਂ ਦਾ ਨਾਂ ਅਸੀਂ ਲੈਂਦੇ ਹਾਂ :

***ਮਹਾਰਾਣੀ ਜਿੰਦ ਕੌਰ ਜੀ***

ਛੋਟਾ ਨਾਮ ਹੈ :

***ਮਹਾਰਾਣੀ ਜਿੰਦਾਂ ਜੀ***

ਮਹਾਰਾਜਾ ਰਣਜੀਤ ਸਿੰਘ ਜੀ ਦੀ ਮਹਾਰਾਣੀ। ਇਹ ਮਹਾਰਾਣੀ ਜਿੰਦਾਂ ਜੀ, ਮਹਾਰਾਜਾ ਰਣਜੀਤ ਸਿੰਘ ਜੀ ਦੀ ਸਭ ਤੋਂ ਛੋਟੀ ਮਹਾਰਾਣੀ ਸੀ। ਇਸ ਨੂੰ ਮਹਾਰਾਜਾ ਦਲੀਪ ਸਿੰਘ ਜੀ ਦੀ ਮਾਤਾ ਬਣਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਮਹਾਰਾਣੀ ਜਿੰਦਾਂ ਜੀ ਦਾ ਜਨਮ 1817 ਵਿੱਚ ਜ਼ਿਲ੍ਹਾ ਸਿਆਲਕੋਟ, ਤਹਿਸੀਲ ਜ਼ਫਰਵਾਲ, ਪਿੰਡ ਚਾਹੜ, ਪਾਕਿਸਤਾਨ ਵਿੱਚ ਹੋਇਆ ਹੈ। ਇਨ੍ਹਾਂ ਦੇ ਪਿਤਾ ਜੀ ਦਾ ਨਾਮ ਮੰਨਾ ਸਿੰਘ ਔਲਖ ਸੀ। ਔਰ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਮਹਾਰਾਣੀ ਜਿੰਦਾਂ ਬੜੀ ਪੜ੍ਹੀ ਲਿਖੀ ਤੇ ਗਿਆਨਵਾਨ ਸੀ। ਬਹੁਤ ਸਾਰੇ ਰਾਈਟਰਾਂ ਨੇ ਆਪਣੀਆਂ ਕਿਤਾਬਾਂ ਵਿੱਚ ਕਿਸੇ ਨੇ ਦਸ ਪੇਜ ਦਿੱਤੇ ਹਨ, ਕਿਸੇ ਨੇ ਵੀਹ ਪੇਜ਼, ਕਿਸੇ ਨੇ ਅੱਠ ਪੇਜ। ਉਸ ਦਾ ਕਾਰਨ ਕੀ ਹੈ? ਇਹ ਮਹਾਰਾਣੀ ਜਿੰਦ ਕੌਰ, ਜਿਸ ਨੂੰ ਮਹਾਰਾਣੀ ਜਿੰਦਾਂ ਜੀ ਦੇ ਨਾਂ ਨਾਲ ਜ਼ਿਆਦਾ ਪੁਕਾਰਦੇ ਹਨ। ਇਹ ਮਹਾਰਾਣੀ ਜਿੰਦਾਂ ਜੀ, ਐਸੀ ਮਾਂ ਹੋਈ ਹੈ, ਜਿਸ ਨੇ ਆਪਣੇ ਭਟਕੇ ਹੋਏ ਬੇਟੇ ਨੂੰ ਸਿੱਧੇ ਰਾਹ ਪਾਇਆ ਹੈ। ਮਹਾਰਾਣੀ ਜਿੰਦਾਂ ਜੀ ਇੱਕ ਐਸੀ ਮਾਂ ਹੋਈ ਹੈ, ਜਿਸ ਨੇ ਆਪਣੇ ਭਟਕੇ ਹੋਏ ਬੱਚੇ ਨੂੰ ਆਪਣੇ ਕਰਤੱਵ ਤੋਂ ਜਾਣੂੰ ਕਰਵਾਇਆ ਹੈ। ਦੂਜਾ ਲਿਖਿਆ ਹੈ, ਧੁਨ ਦੀ ਪੱਕੀ। ਇਰਾਦੇ ਦੀ ਦ੍ਰਿੜ੍ਹ ਤੇ ਦਲੇਰ ਔਰਤ ਸੀ। ਤੀਜਾ ਲਿਖਿਆ ਹੈ, ਅੰਗਰੇਜ਼ ਹੋਇਆ, ਲਾਰਡ ਐਲਨਬਰੋ ਉਸ ਅੰਗਰੇਜ਼ ਦੀ ਕਲਮ ਵੀ ਨਹੀਂ ਰੁਕੀ। ਇਸ ਅੰਗਰੇਜ਼ ਨੇ ਆਪਣੀ ਕਿਤਾਬ ਵਿੱਚ ਲਿਖਿਆ ਹੈ, ਮਹਾਰਾਣੀ ਜਿੰਦ ਕੌਰ ਜੀ ਦੀ ਸ਼ਖਸੀਅਤ ਤੇ ਸ਼ਕਤੀ ਤੋਂ ਅੰਗਰੇਜ਼ ਹਕੂਮਤ ਵੀ ਘਬਰਾਉਂਦੀ ਸੀ। ਐਸੀ ਇਰਾਦੇ ਦੀ ਦ੍ਰਿੜ੍ਹਤਾ ਸੀ। ਇੱਕ ਹੋਰ ਅੰਗਰੇਜ਼ ਹੋਇਆ ਹੈ, ਲਾਰਡ ਡਲਹੌਜ਼ੀ। ਉਸ ਨੇ ਵੀ ਆਪਣੀ ਕਿਤਾਬ ਵਿੱਚ ਲਿਖਿਆ ਹੈ, ਪੰਜਾਬ ਵਿੱਚ ਇਹ ਇੱਕ ਇਹੋ ਜਿਹੀ ਇਕੱਲੀ ਔਰਤ ਹੋਈ ਹੈ ਜਿਹੜੀ ਮਰਦਾਂ ਵਰਗੀ ਹਸਤੀ ਰੱਖਦੀ ਹੈ। ਅੱਗੋਂ ਸਾਰੇ ਵੇਰਵਿਆਂ ਬਾਰੇ ਮਹਾਰਾਜ ਜੀ ਸੇਵਾ ਲੈਣ।

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

***(ਅੰਗ ੪੭੩)***

ਹੁਣ ਧਿਆਨ ਦੇਣਾ ਜੀ। ਮਹਾਰਾਜਾ ਰਣਜੀਤ ਸਿੰਘ ਜੀ ਦੀ 1839 ਵਿੱਚ ਮੌਤ ਹੋਈ ਹੈ।

ਮਹਾਰਾਜਾ ਰਣਜੀਤ ਸਿੰਘ ਜੀ ਤੋਂ ਬਾਅਦ ਹਿਲਜੁਲ ਹੋਈ। ਰਾਜਾ ਬਣਾਇਆ, ਖੜਕ ਸਿੰਘ ਨੂੰ। ਵੇਖ ਲਓ ਕਿਹੋ ਜਿਹੇ ਵੇਲੇ ਚਲਦੇ ਰਹੇ। ਕਈ ਜਗ੍ਹਾ ਤੇ ਲਿਖਿਆ ਹੈ, ਬਿਮਾਰ ਹੋ ਗਏ, ਖੜਕ ਸਿੰਘ। ਕਈ ਜਗ੍ਹਾ ਤੇ ਲਿਖਿਆ ਹੈ, ਧੋਖੇ ਨਾਲ ਮਾਰ ਦਿੱਤਾ ਗਿਆ। ਉਸ ਤੋਂ ਬਾਅਦ ਰਾਜ ਆ ਗਿਆ, ਨੌਨਿਹਾਲ ਸਿੰਘ ਕੋਲ। ਵੇਖ ਲਓ, ਕਿਹੋ ਜਿਹਾ ਸਮਾਂ ਆ ਗਿਆ। ਮਾਇਆ, ਰਾਜ ਭਾਗ ਕਿਸ ਤਰ੍ਹਾਂ ਦਿਮਾਗ ਅਪਸੈਟ ਕਰਦੀ ਹੈ। ਕਈ ਰਾਈਟਰਾਂ ਨੇ ਲਿਖਿਆ ਹੈ, ਨੌਨਿਹਾਲ ਸਿੰਘ ਆ ਰਿਹਾ ਸੀ ਤੇ ਇੱਕ ਛੱਜਾ ਜਾਣ ਕੇ ਡੇਗ ਦਿੱਤਾ ਤੇ ਇਸ ਦੀ ਵੀ ਮੌਤ ਹੋ ਗਈ ਤੇ ਰਾਜ ਭਾਗ ਆ ਗਿਆ, ਚੰਦ ਕੌਰ, ਖੜਕ ਸਿੰਘ ਜੀ ਦੀ ਪਤਨੀ ਕੋਲ। ਸਮਾਂ ਬਣਿਆ ਹੈ। ਉਸ ਨਾਲ ਵੀ ਧੋਖਾ ਕੀਤਾ ਤੇ ਉਸ ਤੋਂ ਬਾਅਦ ਰਾਜ ਆ ਗਿਆ, ਰਾਜਾ ਸ਼ੇਰ ਸਿੰਘ ਕੋਲ। ਫਿਰ ਰਾਜ ਆਇਆ, ਕੁੰਵਰ ਪ੍ਰਤਾਪ ਸਿੰਘ ਕੋਲ। ਚਾਰ ਸਾਲਾਂ ਵਿੱਚ ਇੰਨੇ ਰਾਜੇ ਬਦਲ ਗਏ ਤੇ ਫਿਰ ਚਾਰ ਸਾਲ ਤੋਂ ਬਾਅਦ ਇਹ ਰਾਜ ਕਿਸ ਨੂੰ ਮਿਲਿਆ ਹੈ? ਮਹਾਰਾਣੀ ਜਿੰਦਾਂ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਨੂੰ। ਛੋਟੀ ਉਮਰ ਹੈ। ਰਾਣੀ ਦੀ ਆਪਣੀ ਉਮਰ ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋਈ ਤੇ ਕੇਵਲ 22 ਸਾਲ ਸੀ। ਪੁੱਤਰ ਦੀ ਉਮਰ ਛੋਟੀ ਹੈ। ਮਹਾਰਾਜਾ ਦਲੀਪ ਸਿੰਘ ਨੂੰ ਰਾਜਾ ਬਣਾਇਆ ਹੈ ਤੇ ਇਸ ਦੇ ਬਾਲਗ ਹੋਣ ਤੱਕ ਮਹਾਰਾਣੀ ਜਿੰਦਾਂ ਨੂੰ ਸਰਪ੍ਰਸਤ ਬਣਾਇਆ ਹੈ। ਇਹ ਜਦੋਂ ਰਾਜ ਭਾਗ ਮਹਾਰਾਜਾ ਦਲੀਪ ਸਿੰਘ ਨੂੰ ਮਿਲਿਆ ਹੈ ਤੇ ਮਹਾਰਾਣੀ ਜਿੰਦਾਂ ਸਰਪ੍ਰਸਤ ਤੇ ਅਗਲੀਆਂ ਚਾਰ-ਪੰਜ ਗੱਲਾਂ ਕਿੰਨੀਆਂ ਪਿਆਰ ਵਾਲੀਆਂ ਤੇ ਇਤਿਹਾਸਿਕ ਹਨ। ਕਈ ਬੀਬੀਆਂ ਨੂੰ ਬਹੁਤ ਨਿੰਦਦੇ ਹਨ ਪਰ ਇਹ ਬੀਬੀ ਕਿੰਨੀ ਦਲੇਰ ਹੋਈ ਹੈ, ਗੁਰੂ ਸਾਹਿਬ ਇਸ ਦੇ ਜੀਵਨ ਵਿੱਚੋਂ ਕੁਝ ਪਲ ਸਾਂਝੇ ਕਰਵਾਉਣ। ਸਾਰੇ ਕਿਰਪਾ ਕਰਨਾ ਜੀ :

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋਈ। 1843 ਵਿੱਚ ਮਹਾਰਾਜਾ ਦਲੀਪ ਸਿੰਘ ਨੂੰ ਮਹਾਰਾਜਾ ਬਣਾਇਆ ਤੇ ਰਾਣੀ ਜਿੰਦਾਂ ਨੂੰ ਸਰਪ੍ਰਸਤ ਬਣਾਇਆ। 13 ਦਸੰਬਰ, ਪੋਹ ਦੀ ਸੰਗਰਾਂਦ, 1844 ਕਿਹੋ ਜਿਹੀ ਬੀਬੀ ਸ਼ੇਰ ਹੈ। ਕੁਝ ਬ੍ਰਾਹਮਣਾਂ ਨੇ ਕੀ ਕਿਹਾ? ਮਹਾਰਾਣੀ ਜਿੰਦਾਂ ਜੀ, ਦਾਨ ਪੁੰਨ ਕਰੋ। ਇਸ ਦਿਨ ਕਰੋ। 13 ਦਸੰਬਰ, ਪੋਹ ਦੀ ਸੰਗਰਾਂਦ ਵਾਲੇ ਦਿਨ ਕਰੋ ਤੇ ਮਹਾਰਾਣੀ ਜਿੰਦਾਂ ਕਹਿਣ ਲੱਗੀ, ਦਾਨ ਪੁੰਨ ਕਿਸ ਨੂੰ ਕਰੀਏ? ਉਹ ਬ੍ਰਾਹਮਣ ਕਹਿਣ ਲੱਗੇ, ਬ੍ਰਾਹਮਣਾਂ ਨੂੰ ਕਰੋ। ਮਹਾਰਾਣੀ ਜਿੰਦਾਂ ਕਹਿਣ ਲੱਗੀ ਕਿ ਇਹ ਬਚਨ ਤਾਂ ਚੰਗਾ ਲੱਗਾ ਹੈ ਕਿ ਦਾਨ ਪੁੰਨ ਕਰੋ ਤੇ ਕੇਵਲ ਤੁਹਾਨੂੰ ਪਰ ਇਹ ਬਚਨ ਚੰਗਾ ਨਹੀਂ ਲੱਗਾ। ਦਾਨ ਪੁੰਨ ਕਰਾਂਗੇ, ਤੁਹਾਨੂੰ ਵੀ ਕਰਾਂਗੇ, ਬਹੁਤ ਸਾਰੇ ਸਿੱਖਾਂ ਨੂੰ ਵੀ ਕਰਾਂਗੇ ਤੇ ਹੋਰ ਕਈ ਮਜ਼ਹਬਾਂ ਦੇ ਲੋੜਵੰਦ ਗਰੀਬ ਵੀ ਹਨ, ਉਨ੍ਹਾਂ ਨੂੰ ਵੀ ਕਰਾਂਗੇ। ਸਾਰਾ ਪ੍ਰੋਗਰਾਮ ਬਣਾਇਆ, ਜੋ ਭੋਜਨ ਛਕਾਉਣਾ ਸੀ, ਮੋਹਰਾਂ ਦੇਣੀਆਂ ਸਨ, ਮਾਇਆ ਦੇਣੀ ਸੀ। ਬਸਤਰ ਦੇਣੇ ਸਨ, ਸਭ ਨੂੰ ਦਿੱਤਾ ਤੇ ਉਸ ਵੇਲੇ ਦਾ ਖਰਚਾ ਲਿਖਿਆ ਹੈ, 5000 ਰੁਪਿਆ ਆਇਆ। ਉਸ ਟਾਈਮ ਦਾ 5000 ਇੰਝ ਸਮਝ ਲਓ, ਅੱਜ ਦਾ ਪੰਝੀ ਤੀਹ ਲੱਖ ਰੁਪਿਆ ਖਰਚਾ ਆਇਆ। ਜਿਹੜਾ ਇਹ 5000 ਰੁਪਿਆ ਖਰਚਾ ਆਇਆ ਹੈ ਤੇ ਮਹਾਰਾਣੀ ਜਿੰਦਾਂ ਨੇ ਆਪਣੇ, ਪ੍ਰਾਈਮ ਮਨਿਸਟਰ ਹੀਰਾ ਸਿੰਘ ਨੂੰ ਆਖਿਆ, ਪੰਜਾਬ ਰਾਜ ਦੇ ਧਰਮ ਖਾਤੇ ਵਿੱਚੋਂ 5000 ਰੁਪਿਆ ਬਿੱਲ ਦੇ ਦਿੱਤੇ ਜਾਣ। ਜਿਹੜਾ ਇਹ ਮਨਿਸਟਰ ਸੀ, ਹੀਰਾ ਸਿੰਘ ਇਸ ਦੇ ਅੱਗੋਂ ਪੰਡਿਤ ਜੱਲਾਹ ਸੀ, ਜੋ ਕਿ ਮੰਤਰੀ ਸੀ, ਧਾਰਮਿਕ ਖਰਚਿਆਂ ਦਾਂ। ਧਾਰਮਿਕ ਖਰਚੇ ਸਾਰੇ

ਉਸ ਦੇ ਕੰਟਰੋਲ ਵਿੱਚ ਸਨ। ਉਸਨੂੰ ਚਿੱਠੀ ਕੱਢ ਦਿੱਤੀ ਕਿ ਮਹਾਰਾਣੀ ਨੇ ਪੁੰਨ ਦਾਨ ਕੀਤਾ ਹੈ। ਇਹ ਧਾਰਮਿਕ ਖਰਚਿਆਂ ਵਿੱਚੋਂ 5000 ਰੁਪਿਆ ਦੇਣਾ ਕਰੋ। ਹੁਣ ਵੇਖੋ ਪੰਡਿਤ ਜੱਲਾਹ ਨੇ ਸਿਰਫ 5000 ਦੀ ਜਗ੍ਹਾ 200 ਰੁਪਿਆ ਭੇਜਿਆ ਤੇ ਜਦੋਂ ਪੁੱਛਿਆ ਕਿ 5000 ਦੀ ਜਗ੍ਹਾ 200 ਰੁਪਿਆ ਕਿਉਂ? ਉਸ ਨੇ ਅੱਗੋਂ ਜਵਾਬ ਦਿੱਤਾ, ਜਿਹੜਾ ਪੁੰਨ ਦਾਨ ਹੈ, ਉਹ ਅਸੀਂ ਧਰਮ ਵਾਲੇ ਖਰਚਿਆਂ ਵਿੱਚੋਂ ਕੇਵਲ ਬ੍ਰਾਹਮਣ ਵੀਰਾਂ ਦਾ ਹੀ ਕਰ ਸਕਦੇ ਹਾਂ, ਦੂਜਿਆਂ ਦਾ ਨਹੀਂ। ਮੇਰੇ ਅੰਦਾਜ਼ੇ ਮੁਤਾਬਿਕ ਜਿੰਨੇ ਬ੍ਰਾਹਮਣਾਂ ਨੂੰ ਛਕਾਇਆ ਹੈ, ਉਸ ਦਾ 200 ਰੁਪਿਆ ਹੀ ਬਣਦਾ ਹੈ ਤੇ ਉਹ 200 ਰੁਪਿਆ ਹੀ ਭੇਜਣਾ ਹੈ, ਬਾਕੀ ਨਹੀਂ ਭੇਜਣਾ। ਇਹ ਵੇਖੋ, ਇਹ ਗਟਸ (Guts) ਕੋਈ ਲਵੇਗਾ। ਸਾਧ ਸੰਗਤ ਜੀ, ਮਹਾਰਾਣੀ ਜਿੰਦਾਂ ਜੀ ਨੇ ਸਾਰੇ ਸਿੱਖ ਜਰਨੈਲ ਇਕੱਠੇ ਕਰ ਲਏ। ਚੈਨ ਨਾਲ ਨਹੀਂ ਬੈਠੀ। ਸਾਰੇ ਸਿੱਖ ਜਰਨੈਲਾਂ ਨੂੰ ਬੁਲਾ ਕੇ ਮੀਟਿੰਗ ਰੱਖੀ। ਮੀਟਿੰਗ ਵਿੱਚ ਸਾਰੇ ਜਰਨੈਲਾਂ ਨੂੰ ਕੀ ਆਖਿਆ, ਖਾਲਸਾ ਜੀ! ਇਹ ਪਾਤਸ਼ਾਹੀ ਤੁਹਾਡੀ ਬਖਸ਼ੀ ਹੋਈ ਹੈ। ਇਹ ਤੁਸੀਂ ਸਾਨੂੰ ਬਖਸ਼ੀ ਹੈ, ਇਹ ਤੁਹਾਡੀ ਬਖਸ਼ੀ ਹੈ। ਦਲੀਪ ਸਿੰਘ ਛੋਟਾ ਹੈ, ਅਸੀਂ ਸਰਪ੍ਰਸਤ ਹਾਂ। ਅਸੀਂ ਇੰਨੇ ਵੀ ਅਜ਼ਾਦ ਨਹੀਂ ਕਿ ਆਪਣੇ ਖਾਲਸੇ ਦੀ ਤੇ ਲੋੜਵੰਦਾਂ ਦੀ ਸੇਵਾ ਕਰ ਸਕੀਏ। ਸਾਰੀ ਗੱਲ ਸੁਣਾਈ। ਅਖੀਰ ਤੇ ਆਖਿਆ, ਜਾਂ ਤਾਂ ਫਿਰ ਖਾਲਸਾ ਜੀ, ਜਰਨੈਲੋ, ਸਾਨੂੰ ਮਾਰ ਦਿਓ ਤੇ ਜਾਂ ਫਿਰ ਜਿਹੜੇ ਆਲੇ-ਦੁਆਲੇ ਹਨ, ਇਨ੍ਹਾਂ ਦੀ ਜ਼ਿੱਲਤ ਵਿੱਚੋਂ ਸਾਨੂੰ ਕੱਢ ਦਿਓ। ਕਿੰਨੀ ਗਟਸ (Guts) ਵਾਲੀ ਬੀਬੀ ਹੈ। ਉਸ ਵੇਲੇ ਸਾਰੇ ਫੌਜ ਦੇ ਜਰਨੈਲਾਂ ਨੇ ਭਰੋਸਾ ਦਿਵਾਇਆ ਕਿ ਅਸੀਂ ਵਾਅਦਾ ਕਰਦੇ ਹਾਂ, ਤੁਹਾਡੀ ਮਦਦ ਕਰਾਂਗੇ। ਅਗਲੇ ਜ਼ਿਕਰ ਬੜੇ ਪਿਆਰ ਵਾਲੇ ਹਨ। ਦੋ-ਦੋ ਮਿੰਟ ਦੇ ਜ਼ਿਕਰ ਹਨ ਪਰ ਵਿੱਚੋਂ ਕੁਝ ਮਿਲਦਾ ਹੈ। ਪੰਡਿਤ ਜੱਲਾਹ ਨੇ ਕੀ ਆਖਿਆ ਕਿ ਕੇਵਲ ਬ੍ਰਾਹਮਣ ਨੂੰ ਹੀ ਪੁੰਨ ਦਾਨ ਕੀਤਾ ਜਾਵੇਗਾ, ਫਲੇਗਾ ਪਰ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਦਾ ਮਾਰਗ ਕੀ ਹੈ?

***ਦਮੜਾ ਤਿਸੀ ਕਾ ਜੋ ਖਰਚੇ ਅਰ ਖਾਏ।***
***ਦੇਵੇ ਦਿਲਾਏ ਰਜਾਏ ਖੁਦਾਏ।***

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਮਾਰਗ ਕੀ ਹੈ?

***ਧੌਲੁ ਧਰਮੁ ਦਇਆ ਕਾ ਪੂਤੁ ॥***

*(ਜਪੁ ਜੀ ਸਾਹਿਬ)*

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਮਾਰਗ ਕੀ ਹੈ, ਗਰੀਬ ਦੀ ਬਾਂਹ ਫੜ੍ਹ।

***ਤੇਰੇ ਭਾਣੇ ਸਰਬੱਤ ਦਾ ਭਲਾ।***

ਫਿਰ ਖਾਲਸੇ ਨੇ ਸਾਥ ਦਿੱਤਾ, ਜਰਨੈਲਾਂ ਨੇ ਸਾਥ ਦਿੱਤਾ, ਕਈ ਦੋਸ਼ੀਆਂ ਨੂੰ ਪਾਰ ਉਤਾਰਿਆ। ਹੁਣ ਅੰਗਰੇਜ਼ਾਂ ਦੇ ਮਨ ਵਿੱਚ ਇੱਕ ਗੱਲ ਬੈਠ ਗਈ, ਮਹਾਰਾਣੀ ਜਿੰਦਾਂ ਇੰਨੀ ਤੇਜ਼ ਹੈ, ਇਸ ਦੇ ਹੁੰਦਿਆਂ ਅਸੀਂ ਪੰਜਾਬ ਤੇ ਕਬਜ਼ਾ ਨਹੀਂ ਕਰ ਸਕਦੇ। 1846 ਵਿੱਚ ਸਭਰਾਵਾਂ ਦੀ ਜੰਗ ਹੋਈ। ਬਹੁਤ ਸਿੰਘਾਂ ਨੇ ਚੜ੍ਹਦੀਕਲਾ ਨਾਲ ਲੜੀ, ਅੰਗਰੇਜ਼ ਘਬਰਾ ਗਏ। ਸੰਗਤ ਜੀ, ਹੁਣ ਨੀਤੀ ਵਰਤੀ। ਡੋਗਰਿਆਂ ਨਾਲ ਮਿਲ ਕੇ ਬਾਰੂਦ ਦੀ ਜਗ੍ਹਾ ਸਰ੍ਹੋਂ ਭੇਜ ਦਿੱਤੀ। ਉਹ ਸਰ੍ਹੋਂ ਦਰਿਆ ਦੇ ਪਾਰ ਛੱਡ ਦਿੱਤੀ ਤੇ ਆਖਿਆ ਕਿ ਬਾਰੂਦ ਹੈ। ਜੰਗ ਹੋ ਰਹੀ ਹੈ। ਜਦੋਂ ਦਰਿਆ ਟੱਪੇ ਤੇ ਪੁਲ ਤੋੜ ਦਿੱਤਾ। ਵੇਖੋ ਨੀਤੀਆਂ ਦਾ ਕੀ-ਕੀ ਚਲਦਾ ਰਿਹਾ ਹੈ। ਕਿਤੇ ਅਰਦਾਸ ਕਰੋ, ਸੱਚੇ ਪਾਤਸ਼ਾਹ ਜੀ, ਤੇਰੀ ਨਦਰਿ ਹੀ ਰਾਖੀ ਕਰ ਸਕਦੀ ਹੈ। ਪੁਲ ਤੋੜ ਦਿੱਤਾ ਕਿ ਵਾਪਸ ਵੀ ਨਾ ਆਉਣ। ਸਾਧ ਸੰਗਤ ਜੀ, ਕੁਝ ਡੋਗਰਿਆਂ ਦੀ ਮਿਲੀ ਭੁਗਤ ਸੀ ਤੇ ਜਦੋਂ ਉਹ ਬਾਰੂਦ ਖੋਲ੍ਹਣ ਤੇ ਵਿੱਚ ਸਰ੍ਹੋਂ। ਬੜੇ ਵੱਡੇ ਜਰਨੈਲ ਮਾਰੇ ਗਏ। ਇਹ ਮਹਾਰਾਣੀ ਜਿੰਦਾਂ ਨੂੰ

ਭਿਣਕ ਪੈ ਗਈ ਕਿ ਇਸ ਤਰ੍ਹਾਂ ਕੀਤਾ ਗਿਆ ਹੈ। ਫਿਰ ਸ਼ਾਮ ਸਿੰਘ ਜੀ ਅਟਾਰੀ ਨੂੰ ਚਿੱਠੀ ਲਿਖੀ ਕਿ ਅੰਗਰੇਜ਼ਾਂ ਨੇ ਅਜਿਹਾ ਕੀਤਾ ਹੈ। ਫਿਰ ਇਹ ਗੱਲ ਫੈਲਾ ਦਿੱਤੀ, ਬਾਰੂਦ ਦੀ ਜਗ੍ਹਾ ਜਿਹੜੀ ਸਰ੍ਹੋਂ ਭੇਜੀ ਹੈ, ਇਹ ਮਹਾਰਾਣੀ ਜਿੰਦਾਂ ਜੀ ਨੇ ਭੇਜੀ ਹੈ। ਇਹ ਗੱਲ ਕਹਿ ਕੇ ਰਾਜ ਪ੍ਰਬੰਧ ਤੋਂ ਹਟਾ ਕੇ ਮਹਿਲਾਂ ਵਿੱਚ ਕੈਦ ਕਰ ਦਿੱਤਾ। ਮਹਿਲਾਂ ਵਿੱਚ ਰਹਿਣਾ ਹੈ, ਮਹਿਲਾਂ ਵਿੱਚ ਕੈਦ ਕੀਤਾ ਤੇ ਲਿਖਿਆ ਹੈ ਕਿ ਡੇਢ ਲੱਖ ਸਲਾਨਾ ਪੈਨਸ਼ਨ ਲਗਾ ਦਿੱਤੀ। ਮਹਿਲਾਂ ਵਿੱਚ ਕੈਦ ਕਰ ਦਿੱਤਾ। ਡੇਢ ਲੱਖ ਸਲਾਨਾ ਪੈਨਸ਼ਨ ਮਿਲੇਗੀ ਤੇ ਰਹੋਗੇ ਮਹਿਲਾਂ ਵਿੱਚ ਹੀ। ਇਹ ਸਮਾਂ ਵੀ ਮਹਾਰਾਣੀ ਜਿੰਦਾਂ ਜੀ ਦੀ ਜ਼ਿੰਦਗੀ ਵਿੱਚ ਆਇਆ। ਉਸ ਨੇ ਮਹਿਲਾਂ ਵਿੱਚ ਕੈਦ ਹੁੰਦਿਆਂ ਵੀ ਚੜ੍ਹਦੀਕਲਾ ਨਹੀਂ ਛੱਡੀ। ਜਿਸ ਨੂੰ ਵੇਖ ਕੇ ਅੰਗਰੇਜ਼ਾਂ ਨੇ ਮਹਿਲਾਂ ਤੋਂ ਜੇਲ੍ਹ ਭੇਜ ਦਿੱਤਾ ਤੇ ਲਿਖਿਆ ਹੈ, ਡੇਢ ਲੱਖ ਸਲਾਨਾ ਤੋਂ ਘਟਾ ਕੇ ਖਰਚਾ 48000 ਕਰ ਦਿੱਤਾ। ਹੁਣ ਅੰਗਰੇਜ਼ਾਂ ਦੀ ਸਕੀਮ ਸੀ, ਦਲੀਪ ਸਿੰਘ ਨੂੰ ਗੱਦੀ ਤੋਂ ਲਾਹੁਣਾ ਹੈ। ਇਸ ਨੇ ਜੇਲ੍ਹ ਵਿੱਚੋਂ ਚਿੱਠੀ ਭੇਜੀ, ਬੇਟਾ, ਤੂੰ ਸਾਈਨ ਨਾ ਕਰੀਂ। ਜਦੋਂ ਇਨ੍ਹਾਂ ਨੇ ਉਹ ਚਿੱਠੀ ਵੇਖੀ, ਬੇਟਾ, ਸਾਈਨ ਨਾ ਕਰੀਂ ਤੇ ਕਹਿੰਦੇ, ਉਹ 48000 ਦਾ ਖਰਚਾ ਸਾਲ ਦਾ 12000 ਕਰ ਦਿੱਤਾ, ਪੈਨਸ਼ਨ ਦਾ। ਮਹਾਰਾਣੀ ਜਿੰਦਾਂ ਜੀ ਨੇ ਮਹਿਲਾਂ ਵਿੱਚ ਵੀ ਕੈਦ ਕੱਟੀ, ਜੇਲ੍ਹ ਵਿੱਚ ਵੀ ਕੈਦ ਕੱਟੀ ਔਰ ਉਸ ਜੇਲ੍ਹ ਵਿੱਚੋਂ ਨੌਕਰਾਣੀ ਦਾ ਰੂਪ ਧਾਰ ਕੇ, ਇਹ ਮਹਾਰਾਣੀ ਜਿੰਦਾਂ ਨੇਪਾਲ ਨਿਕਲ ਗਈ। ਥੋੜ੍ਹਾ ਜਿਹਾ ਜ਼ਿਕਰ ਹੋਰ ਹੈ ਜਿਹੜਾ ਅਖੀਰ ਤੇ ਆ ਕੇ ਸਾਨੂੰ ਸਿੱਖਿਆ ਦਿੰਦਾ ਹੈ। ਇਹੋ ਜਿਹੀਆਂ ਵੀ ਬੀਬੀਆਂ ਹਨ ਜਿਹੜੀਆਂ ਚੜ੍ਹਦੀ ਕਲਾ ਵਿੱਚ ਹਨ।

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

***(ਅੰਗ ੪੭੩)***

ਫਿਰ ਮਹਾਰਾਜਾ ਦਲੀਪ ਸਿੰਘ ਨੂੰ ਵੀ ਗੱਦੀ ਤੋਂ ਲਾਹ ਕੇ ਇੰਗਲੈਂਡ ਭੇਜ ਦਿੱਤਾ। ਹੁਣ ਵੇਖੋ ਦਿਮਾਗ ਅੰਗਰੇਜ਼ਾਂ ਦਾ। ਲੇਡੀਜ਼ ਲੌਗਨ ਨਾਂ ਆਇਆ ਹੈ, ਬੀਬੀ ਦਾ। ਇਸ ਬੀਬੀ ਦੀ ਡਿਊਟੀ ਲਗਾਈ, ਇਸ ਦਲੀਪ ਸਿੰਘ ਨੂੰ ਸਿੱਖ ਤੋਂ ਈਸਾਈ ਬਣਾ ਦਿਓ। ਇਸ ਨੂੰ ਇਹ ਸਿੱਖਿਆ ਦਿਓ, ਉਹ ਵਿੱਦਿਆ ਦਿਓ। ਉਹ ਕੁਝ ਹੋਇਆ। 1849 ਵਿੱਚ ਜਦੋਂ ਦਲੀਪ ਸਿੰਘ ਨੂੰ ਇੰਗਲੈਂਡ ਭੇਜਿਆ ਤੇ ਪੰਜਾਬ ਤੇ ਕਬਜ਼ਾ ਅੰਗਰੇਜ਼ਾਂ ਨੇ ਕਰ ਲਿਆ, ਜੋ ਚਾਹੁੰਦੇ ਸੀ। ਉਹ ਕਰ ਲਿਆ।

ਹੁਣ 1860 ਵਿੱਚ ਪੁੱਤਰ ਨੂੰ ਮਿਲਣ ਦੀ ਇੱਛਾ ਪੈਦਾ ਹੋਈ ਤੇ ਮਹਾਰਾਣੀ ਜਿੰਦਾਂ ਦੀ ਤੇ ਹਾਲਤ ਇਹੋ ਜਿਹੀ ਹੋ ਚੁੱਕੀ ਹੈ ਕਿ ਅੱਖਾਂ ਦੀ ਜੋਤ ਵੀ ਚਲੀ ਗਈ। ਨੇਪਾਲ ਦੇ ਰਾਜੇ ਨੇ ਸ਼ਰਨ ਦਿੱਤੀ ਪਰ ਅੰਦਰੋਂ ਹੌਸਲੇ ਘੱਟ ਗਏ। ਜਦੋਂ ਪੁੱਤਰ ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ ਤੇ ਅੰਗਰੇਜ਼ਾਂ ਨੇ ਕਿਹਾ, ਹੁਣ ਮਹਾਰਾਣੀ ਜਿੰਦਾਂ ਇੰਨੀ ਕਮਜ਼ੋਰ ਹੋ ਚੁੱਕੀ ਹੈ ਕਿ ਆਪਣੇ ਬੱਚੇ ਤੇ ਅਸਰ ਨਹੀਂ ਪਾ ਸਕਦੀ। ਇਸ ਦਾ ਬੱਚਾ ਇੰਗਲੈਂਡ ਵਿੱਚ ਅੱਯਾਸ਼ ਵਾਲੀ ਜ਼ਿੰਦਗੀ ਭੋਗ ਰਿਹਾ ਹੈ। ਅੱਯਾਸ਼ ਬਣ ਗਿਆ ਹੈ। ਤੀਜਾ ਇਸ ਦੀ ਅੱਖਾਂ ਦੀ ਜੋਤ ਵੀ ਨਹੀਂ। 1861 ਵਿੱਚ ਕਲਕੱਤੇ ਟਾਈਮ ਮੇਲਿਆ, ਮਾਂ ਤੇ ਪੁੱਤਰ ਨੂੰ ਮਿਲਾਉਣ ਦਾ। ਕਈਆਂ ਨੇ ਬੰਬਈ ਲਿਖਿਆ ਹੈ ਪਰ ਬਹੁਤ ਸਾਰੇ ਰਾਈਟਰਾਂ ਨੇ ਕਲਕੱਤੇ ਲਿਖਿਆ ਹੈ। ਜਦੋਂ ਕਲਕੱਤੇ ਵਿੱਚ ਕਿਤਨੇ ਸਾਲਾਂ ਬਾਅਦ ਮਾਂ ਪੁੱਤਰ ਦਾ ਮੇਲ ਹੋ ਰਿਹਾ ਹੈ, ਅੱਖਾਂ ਦੀ ਜੋਤ ਵੀ ਨਹੀਂ ਤੇ ਇੱਕ ਪਾਸੇ ਪੁੱਤਰ ਖੜ੍ਹਾ ਹੈ, ਦੂਜੇ ਪਾਸੇ ਮਾਂ ਖੜ੍ਹੀ ਹੈ ਦੋਵੇਂ ਕੋਲ-ਕੋਲ ਹੋਏ। ਇੱਕ ਦੂਜੇ ਨੂੰ ਅਵਾਜ਼ ਦਿੱਤੀ। ਇੱਕ ਦੂਜੇ ਨੂੰ ਗਲਵਕੜੀ ਵਿੱਚ ਲਿਆ। ਜਦੋਂ ਮਾਂ ਨੇ ਪਿਆਰ ਕਰਦੇ-ਕਰਦੇ ਆਪਣੇ ਪੁੱਤਰ ਦੇ ਸਿਰ ਤੇ ਹੱਥ

ਫੇਰਿਆ ਤੇ ਜੂੜਾ ਹੈ ਹੀ ਨਹੀਂ। ਕੇਸ ਕੱਟੇ ਹੋਏ ਹਨ, ਸਿੱਖੀ ਹੈ ਹੀ ਨਹੀਂ। ਫਿਰ ਚਿਹਰੇ ਤੇ ਹੱਥ ਫੇਰਿਆ, ਚਿਹਰੇ ਤੇ ਦਾਹੜਾ ਵੀ ਨਹੀਂ। ਹੁਣ ਅੱਗੋਂ ਧਿਆਨ ਦੇਣ ਵਾਲੇ ਬਚਨ ਹਨ। ਮਹਾਰਾਣੀ ਜਿੰਦਾਂ ਦੇ ਮੁੱਖ ਵਿੱਚੋਂ ਪਹਿਲਾ ਬਚਨ ਨਿਕਲਿਆ, ਆਪਣੇ ਪੁੱਤਰ ਨੂੰ ਕਿਹਾ, ਪੁੱਤਰ ਤੇਰਾ ਪਿਤਾ, ਮੇਰੇ ਸਿਰ ਦਾ ਸਾਂਈਂ ਮਹਾਰਾਜਾ ਰਣਜੀਤ ਸਿੰਘ ਮੇਰੇ ਸਿਰ ਤੋਂ ਚਲਾ ਗਿਆ, ਮੈਨੂੰ ਇੰਨਾ ਦੁੱਖ ਨਹੀਂ ਹੋਇਆ। ਦੂਜਾ ਬਚਨ ਨਿਕਲਿਆ, ਮੈਂ ਮਹਿਲ ਵਿੱਚ ਕੈਦ ਕੱਟੀ, ਇੰਨਾ ਦੁੱਖ ਨਹੀਂ ਹੋਇਆ। ਮੈਂ ਜੇਲ੍ਹ ਵਿੱਚ ਕੈਦ ਕੱਟੀ, ਇੰਨਾ ਦੁੱਖ ਨਹੀਂ ਹੋਇਆ। ਤੀਜਾ ਬਚਨ ਨਿਕਲਿਆ, ਮੈਨੂੰ ਦੇਸ਼ ਨਿਕਾਲਾ ਮਿਲ ਗਿਆ, ਇੰਨਾ ਦੁੱਖ ਨਹੀਂ ਹੋਇਆ। ਚੌਥਾ ਬਚਨ ਨਿਕਲਿਆ, ਪੁੱਤਰ ਮੇਰੀਆਂ ਅੱਖਾਂ ਦੀ ਜੋਤ ਚਲੀ ਗਈ, ਇੰਨਾ ਦੁੱਖ ਨਹੀਂ ਹੋਇਆ ਜਿੰਨਾ ਦੁੱਖ ਅੱਜ ਹੋਇਆ ਹੈ। ਜਦੋਂ ਤੇਰੇ ਸਿਰ ਤੇ ਹੱਥ ਫੇਰਿਆ ਤੇ ਸਿੱਖੀ ਹੈ ਹੀ ਨਹੀਂ, ਤੇਰੇ ਸਿਰ ਤੇ ਕੇਸ ਨਹੀਂ। ਅੱਜ ਤੋਂ ਪਹਿਲਾਂ ਜਿੰਨੀਆਂ ਬਿਪਤਾਵਾਂ ਮੇਰੇ ਤੇ ਆਈਆਂ ਹਨ, ਇੰਨਾ ਦੁੱਖ ਨਹੀਂ ਹੋਇਆ ਜਿੰਨਾ ਦੁੱਖ ਤੇਰੀ ਸਿੱਖੀ ਗਈ ਦਾ ਹੋਇਆ ਹੈ। ਤੇਰੇ ਸੀਸ ਤੇ ਗੁਰੂ ਕਲਗੀਧਰ ਪਿਤਾ ਜੀ ਦੀ ਸਿੱਖੀ ਕਿਉਂ ਚਲੀ ਗਈ? ਤੇਰਾ ਧਰਮ ਸਿੱਖ ਧਰਮ ਹੈ। ਤੇਰੀ ਸਿੱਖੀ ਕੇਸਾਂ ਨਾਲ ਹੈ। ਤੇਰੇ ਨਾਲ ਧੋਖਾ ਕਰਕੇ ਪੰਜਾਬ ਦਾ ਰਾਜ ਲਿਆ ਗਿਆ ਹੈ। ਦਾਸ ਅੱਗੋਂ ਪੜ੍ਹ ਕੇ ਹੈਰਾਨ ਰਹਿ ਗਿਆ। ਇਹ ਸਾਰੇ ਰਾਈਟਰਾਂ ਨੇ ਲਿਖਿਆ ਹੈ, ਜਿਹੜੀ ਲੇਡੀਜ਼ ਲੋਗਨ ਨੇ ਮਹਾਰਾਜਾ ਦਲੀਪ ਸਿੰਘ ਨੂੰ ਪਾਲਿਆ ਹੈ, ਈਸਾਈ ਬਣਾਇਆ, ਸਾਰਾ ਕੁਝ ਸਿਖਾਇਆ, ਉਸ ਧਰਮ ਬਾਰੇ। ਉਹ ਲੇਡੀਜ਼ ਲੋਗਨ ਨੇ ਆਪਣੀ ਕਿਤਾਬ ਵਿੱਚ ਲਿਖਿਆ ਹੈ। ਮਹਾਰਾਣੀ ਜਿੰਦ ਕੌਰ ਇਸ ਮਾਂ ਦੇ ਲਫਜ਼ਾਂ ਵਿੱਚ ਇੰਨੀ ਤਾਕਤ, ਮੇਰੇ ਇੰਨੇ ਸਾਲਾਂ ਦਾ ਸਿਖਾਇਆ ਮਹਾਰਾਣੀ ਜਿੰਦਾਂ ਨੇ ਚੰਦ ਮਿੰਟਾਂ ਵਿੱਚ ਹੀ ਮੇਰੀ ਅੰਗਰੇਜ਼ੀ ਢੰਗ ਨਾਲ ਕੀਤੀ ਪਰਵਰਿਸ਼ ਨੂੰ ਮਿੱਟੀ ਵਿੱਚ ਰੋਲ ਦਿੱਤਾ ਹੈ। ਉਸ ਨੇ ਆਪਣੀ ਕਿਤਾਬ ਵਿੱਚ ਲਿਖਿਆ ਹੈ, ਮਾਂ ਦੇ ਲਫਜ਼ਾਂ ਵਿੱਚ ਇੰਨੀ ਤਾਕਤ, ਇੰਨੀ ਵਿਲ ਪਾਵਰ, ਮੇਰੇ ਇੰਨੇ ਸਾਲਾਂ ਦੀ ਪਰਵਰਿਸ਼ ਨੂੰ ਇਸ ਰਾਣੀ ਜਿੰਦਾ ਨੇ ਇੱਕ ਲਫਜ਼ ਨਾਲ ਹੀ ਮਿੱਟੀ ਵਿੱਚ ਰੋਲ ਦਿੱਤੀ। ਮਾਂ ਦੇ ਲਫਜ਼ਾਂ ਦਾ ਇੰਨਾ ਅਸਰ ਹੋਇਆ, 1886 ਵਿੱਚ ਮਹਾਰਾਜਾ ਦਲੀਪ ਸਿੰਘ ਨੇ ਅੰਮ੍ਰਿਤ ਵੀ ਛਕਿਆ, ਦਸਤਾਰ ਵੀ ਸਜਾਈ ਤੇ ਗੁਰੂ ਕਲਗੀਧਰ ਪਿਤਾ ਜੀ ਦਾ ਸਪੁੱਤਰ ਵੀ ਬਣਿਆ। ਇੱਕ ਮਾਂ ਦੇ ਕਹਿਣ ਤੇ। 1863 ਵਿੱਚ ਮਹਾਰਾਣੀ ਜਿੰਦਾਂ ਨੇ ਸਰੀਰ ਤਿਆਗਿਆ ਤੇ ਸਰੀਰ ਤਿਆਗਣ ਵੇਲੇ ਪੁੱਤਰ ਨੂੰ ਇੱਥੋਂ ਤੱਕ ਕਿਹਾ, ਇੰਗਲੈਂਡ ਵਰਗੇ ਸ਼ਹਿਰ ਵਿੱਚ ਮੇਰਾ ਸਸਕਾਰ ਨਾ ਕਰੀਂ। ਮੇਰੀਆਂ ਹੱਡੀਆਂ ਇੱਥੇ ਨਾ ਰੋਲੀਂ। ਮੇਰੀ ਰਾਖ ਹਿੰਦੁਸਤਾਨ ਦੀ ਧਰਤੀ ਤੇ ਹੋਵੇ। ਸੰਗਤ ਜੀ, ਇਸ਼ਾਰਾ ਲੈਣਾ ਕਿ ਇੱਕ ਮਾਂ, ਮਹਾਰਾਣੀ ਜਿੰਦਾਂ ਦੇ ਅੰਦਰ ਗੁਰੂ ਕਲਗੀਧਰ ਪਿਤਾ ਜੀ ਪ੍ਰਤੀ ਇੰਨੀ ਵੱਡੀ ਜਗ੍ਹਾ ਸੀ ਕਿ ਪੁੱਤਰ ਨਾਲ ਸਾਰਾ ਕੁਝ ਹੋ ਚੁੱਕਾ ਹੈ ਤੇ ਉਸ ਦੀ ਵੀ ਸਿੱਖੀ ਵਾਪਸ ਲੈ ਆਉਂਦੀ।

ਇਸ ਅੰਕ ਵਿੱਚ ਸਤਿਗੁਰੂ ਜੀ ਨੇ ਚੌਵੀਵੇਂ ਭਾਗ- ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ 'ਚੋਂ ਮਹਾਰਾਣੀ ਜਿੰਦਾਂ ਜੀ ਦੇ ਜੀਵਨ ਦਾ ਹਾਲ ਸਰਵਣ ਕਰਵਾਇਆ। ਵੇਖੋ ! ਅੱਖਾਂ ਦੀ ਜੋਤ ਚਲੀ ਗਈ, ਸਭ ਕੁਝ ਚਲਾ ਗਿਆ ਪਰ ਅੰਦਰੋਂ ਸਿੱਖੀ ਦੇ ਖਿਆਲ ਨਹੀਂ ਗਏ। ਗੁਰੂ ਕਲਗੀਧਰ ਪਿਤਾ ਜੀ ਦੀ ਵਿਲ ਪਾਵਰ ਨਹੀਂ ਗਈ। ਇਸੇ ਵਿਲ ਪਾਵਰ ਨੇ ਆਪਣੇ ਪੁੱਤਰ ਦੀ ਸਿੱਖੀ ਵਾਪਸ ਲੈ ਆਉਂਦੀ। ਪੜ੍ਹੋ ਪਿਆਰ ਨਾਲ, ਫਿਰ ਸਮਾਪਤੀ ਹੈ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

○○○



# ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ
# ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸਕ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਪਰਮੇਸ਼ਰ ਨਾਲ ਜੋੜਨਾ ਸਭ ਤੋਂ ਵੱਡਾ ਪੁੰਨ ਹੈ। ਗੁਰਮੁਖ ਜਨ ਆਪ ਜੁੜੇ ਹੁੰਦੇ ਹਨ, ਦੂਸਰਿਆਂ ਨੂੰ ਜੋੜਦੇ ਹਨ। ਉਨ੍ਹਾਂ ਨੂੰ ਪਰਉਪਕਾਰ ਦਾ ਉਮਾਹ ਹੁੰਦਾ ਹੈ। ਸੰਤ ਬਿਸ਼ਨ ਸਿੰਘ ਕਾਂਝਲੇ ਵਾਲੇ ਕਲਕੱਤੇ ਆਇਆ ਕਰਦੇ ਸਨ। ਸੰਗਤ ਨੂੰ ਗੁਰ ਚਰਨਾਂ ਨਾਲ ਜੋੜਦੇ, ਗੁਰਮਤਿ ਜੀਵਨ ਢੰਗ, ਰਹਿਣੀ-ਬਹਿਣੀ, ਆਚਾਰ-ਵਿਹਾਰ ਅਪਨਾਉਣ ਲਈ ਪ੍ਰੇਰਦੇ। ਸੰਤ ਜੀ ਦੇ ਸੱਚਖੰਡ ਗਮਨ ਉਪਰੰਤ ਕਲਕੱਤੇ ਦੀ ਸੰਗਤ ਉਦਾਸ ਸੀ।

ਸ੍ਰ. ਚੰਨਣ ਸਿੰਘ ਨੂੰ ਸੰਤ ਜੀ ਦੇ ਬਚਨ ਯਾਦ ਸਨ ਜੋ ਉਨ੍ਹਾਂ ਨੇ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਪ੍ਰਥਾਏ ਕੀਤੇ ਸਨ। ਚੰਨਣ ਸਿੰਘ ਨੇ ਇਹ ਬਚਨ ਕਲਕੱਤੇ ਦੀ ਸੰਗਤ ਨਾਲ ਸਾਂਝਾ ਕੀਤਾ ਅਤੇ ਸਾਰਿਆਂ ਨਾਲ ਸਲਾਹ ਕਰਨ ਤੋਂ ਬਾਅਦ ਕਰਮਸਰ ਰਾੜਾ ਸਾਹਿਬ ਆ ਕੇ ਮਹਾਂਪੁਰਖਾਂ ਨੂੰ ਕਲਕੱਤੇ ਦਰਸ਼ਨ ਦੇਣ ਦੀ ਬੇਨਤੀ ਕੀਤੀ।

ਇਸ ਤੋਂ ਪਹਿਲਾਂ ਵੀ ਸ੍ਰ. ਚੰਨਣ ਸਿੰਘ ਕਈ ਵਾਰ ਬੇਨਤੀ ਕਰ ਚੁੱਕੇ ਸਨ, ਪਰ ਬਾਬਾ ਜੀ ਨੇ ਕੋਈ ਉੱਤਰ ਨਹੀਂ ਦਿੱਤਾ ਸੀ। ਮਹਾਂਪੁਰਖਾਂ ਦਾ ਕਿਤੇ ਵੀ ਆਉਣਾ-ਜਾਣਾ ਹੁਕਮ ਵਿੱਚ ਹੁੰਦਾ ਹੈ। ਕਾਂਝਲੇ ਵਾਲੇ ਮਹਾਂਪੁਰਖ ਦਰਗਾਹੀ ਹੁਕਮ ਅਨੁਸਾਰ ਕਲਕੱਤੇ ਜਾਂਦੇ ਸਨ। ਸਰੀਰ ਦਾ ਪਰੀਤਿਆਗ ਕਰਨ ਤੋਂ ਪਹਿਲਾਂ ਸੰਤ ਜੀ ਨੇ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੂੰ ਦੇਸ਼-ਪ੍ਰਦੇਸ਼ਾਂ ਵਿੱਚ ਗੁਰਮਤਿ ਪ੍ਰਚਾਰ ਦਾ ਬਚਨ ਕੀਤਾ ਸੀ। ਇਸ ਬਚਨ ਅਨੁਸਾਰ ਬਾਬਾ ਜੀ ਨੇ ਸਮਾਂ ਦੇ ਦਿੱਤਾ।

ਕਲਕੱਤੇ ਦੀ ਸੰਗਤ ਨੂੰ ਬਹੁਤ ਖੁਸ਼ੀ ਹੋਈ। ਸੰਗਤ ਨੇ ਹਾਵੜਾ ਮੇਲ ਵਿੱਚ ਲੁਧਿਆਣੇ ਤੋਂ ਕਲਕੱਤੇ ਤੱਕ ਇੱਕ ਪੂਰਾ ਡੱਬਾ ਬੁੱਕ ਕਰਵਾ ਦਿੱਤਾ। ਨਵੰਬਰ 1949 ਵਿੱਚ ਬਾਬਾ ਜੀ ਜੱਥੇ ਸਮੇਤ ਕਲਕੱਤੇ ਪਹੁੰਚੇ। ਵੱਡੀ ਗਿਣਤੀ ਵਿੱਚ ਸੰਗਤ ਸਟੇਸ਼ਨ ਪਹੁੰਚੀ ਹੋਈ ਸੀ। ਸੰਗਤ ਨੂੰ ਬਹੁਤ ਚਾਉ ਸੀ। ਬਾਬਾ ਜੀ ਨੇ ਸੰਗਤ ਨੂੰ ਫਤਹਿ ਬੁਲਾਈ। ਪ੍ਰੇਮ ਪ੍ਰਵਾਨ ਕੀਤਾ। ਰਿਹਾਇਸ਼ ਦਾ ਪ੍ਰਬੰਧ ਸ੍ਰ. ਚੰਨਣ ਸਿੰਘ ਦੇ ਘਰ ਵਿੱਚ ਸੀ।

ਕਲਕੱਤਾ ਸ਼ਹਿਰ ਜਿਸ ਨੂੰ ਅੱਜ ਕੋਲਕਾਤਾ ਕਿਹਾ ਜਾਂਦਾ ਹੈ, ਈਸਟ ਇੰਡੀਆ ਕੰਪਨੀ ਨੇ ਆਪਣੀ ਵਪਾਰਕ ਲੋੜ ਅਨੁਸਾਰ ਸ਼ਹਿਰ ਦੇ ਰੂਪ ਵਿੱਚ ਵਸਾਇਆ ਸੀ। ਪਹਿਲਾਂ ਸ਼ਹਿਰ ਦੀ ਥਾਂ ਇਲਾਕੇ ਵਿੱਚ ਤਿੰਨ ਪਿੰਡ ਸਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਇੱਥੇ ਆਏ ਸਨ। ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਅਸਾਮ ਫੇਰੀ ਦੌਰਾਨ ਇੱਥੇ ਚਰਨ ਪਾਏ ਸਨ। ਆਪ ਜੀ ਨੇ ਵੀ ਉਸੇ ਅਸਥਾਨ ਤੇ ਆਸਣ ਲਾਇਆ ਸੀ, ਜਿਸ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਗ ਲਾਏ ਸਨ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਜਗਨਨਾਥ ਪੁਰੀ ਤੋਂ ਵਾਪਸੀ ਵੇਲੇ ਇੱਥੇ ਆਏ ਸਨ। ਉਸ ਵੇਲੇ ਇਲਾਕੇ ਵਿੱਚ ਰਾਜਾ ਬਹਾਦੁਰ ਸਿੰਘ ਦਾ ਰਾਜ ਸੀ।

ਉਹ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਇਆ। ਇਲਾਕੇ ਵਿੱਚ ਮਹਾਂਮਾਰੀ ਫੈਲੀ ਹੋਈ ਸੀ। ਰਾਜੇ ਨੇ ਬੇਨਤੀ ਕੀਤੀ। ਉਸ ਵੇਲੇ ਆਪ ਜੀ ਨੇ ਇਹ ਸ਼ਬਦ ਉਚਾਰਣ ਕੀਤਾ :

***ਚੰਚਲੁ ਚੀਤੁ ਨ ਪਾਵੈ ਪਾਰਾ ॥***
***ਆਵਤ ਜਾਤ ਨ ਲਾਗੈ ਬਾਰਾ ॥***
***ਦੂਖੁ ਘਣੋ ਮਰੀਐ ਕਰਤਾਰਾ ॥***
***ਬਿਨੁ ਪ੍ਰੀਤਮ ਕੋ ਕਰੈ ਨ ਸਾਰਾ ॥੧॥***

*(ਅੰਗ ੧੧੮੯)*

ਇਸ ਸ਼ਬਦ ਰਾਹੀਂ ਆਪ ਜੀ ਨੇ ਉਪਦੇਸ਼ ਕੀਤਾ ਕਿ ਚੰਚਲ ਮੱਤ, ਬੇਤਰਤੀਬਾ ਜੀਵਨ, ਨਾਮ ਤੋਂ ਟੁੱਟ ਜਾਣਾ ਰੋਗਾਂ ਦਾ ਕਾਰਨ ਹੈ। ਗੁਰ ਸ਼ਬਦ ਸਾਰੇ ਦੁਖਾਂ ਦੀ ਦਵਾਈ ਹੈ। ਆਪ ਜੀ ਨੇ ਕਿਰਪਾ ਕਰਕੇ ਮਹਾਂਮਾਰੀ ਨੂੰ ਦੂਰ ਕੀਤਾ ਅਤੇ ਬਚਨ ਕੀਤਾ ਕਿ ਇੱਥੇ ਧਰਮਸ਼ਾਲ ਬਣਾਈ ਜਾਵੇ ਅਤੇ ਸੰਗਤ ਜੁੜਿਆ ਕਰੇ, ਨਾਮ ਜਪਿਆ ਜਾਵੇ।

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇੱਥੇ ਚਰਨ ਪਾਏ ਤਾਂ ਸ਼ਬਦ ਰਾਹੀਂ ਸੰਗਤ ਨੂੰ ਉਪਦੇਸ਼ ਕੀਤਾ ਸੀ:

***ਹਰਿ ਕੀ ਗਤਿ ਨਹਿ ਕੋਊ ਜਾਨੈ ॥***
***ਜੋਗੀ ਜਤੀ ਤਪੀ ਪਚਿ ਹਾਰੇ***
***ਅਰੁ ਬਹੁ ਲੋਗ ਸਿਆਨੇ ॥੧॥ ਰਹਾਉ ॥***

*(ਅੰਗ ੫੩੭)*

ਆਪ ਜੀ ਨੇ ਬਚਨ ਕੀਤਾ ਕਿ ਸੰਗਤ ਇਸੇ ਤਰ੍ਹਾਂ ਜੁੜਦੀ ਰਹੇ। ਆਪ ਜੀ ਨੇ ਲੰਗਰ ਚਲਾਉਣ ਦਾ ਵੀ ਬਚਨ ਕੀਤਾ। ਰਾਜਾ ਹਜ਼ੂਰੀ ਚੰਦ ਨੇ ਯਥਾ -ਸ਼ਕਤ ਸੋਹਣਾ ਅਸਥਾਨ ਬਣਾਇਆ। ਉਸ ਤੋਂ ਬਾਅਦ ਉਸਦੀਆਂ ਸਪੁੱਤਰੀਆਂ ਸ਼ਾਮ ਕੌਰ ਅਤੇ ਲੀਲਾ ਕੌਰ ਸੇਵਾ ਕਰਦੀਆਂ ਰਹੀਆਂ। ਅੱਜ ਇੱਥੇ ਗੁਰਦੁਆਰਾ ਸ੍ਰੀ ਬੜੀ ਸੰਗਤ ਸਾਹਿਬ ਸੁਸ਼ੋਭਿਤ ਹੈ।

ਸੰਗਤ ਵੱਲੋਂ ਦੀਵਾਨ ਸਜਾਉਣ ਦਾ ਪ੍ਰਬੰਧ ਗੁਰਦੁਆਰਾ ਜਗਤ ਸੁਧਾਰ ਵਿਖੇ ਕੀਤਾ ਗਿਆ ਸੀ। ਬਾਬਾ ਜੀ ਨੇ ਦੋ ਮਹੀਨਿਆਂ ਦਾ ਸਮਾਂ ਦਿੱਤਾ ਸੀ। ਰੋਜ਼ ਦੀਵਾਨ ਸਜਦੇ। ਬਾਬਾ ਜੀ ਗੁਰਮਤਿ ਅਨੁਸਾਰੀ ਜੀਵਨ ਢੰਗ ਅਪਨਾਉਣ ਦੀ ਪ੍ਰੇਰਨਾ ਕਰਦੇ। ਕਲਕੱਤਾ ਵਿਖੇ ਜ਼ਿਆਦਾਤਰ ਸਿੱਖਾਂ ਦਾ ਟਰਾਂਸਪੋਰਟ ਦਾ ਕੰਮ ਸੀ। ਕਿਸੇ ਦੇ ਜ਼ਿਆਦਾ ਟਰੱਕ ਸਨ ਕਿਸੇ ਦੇ ਘੱਟ। ਕੁਝ ਆਪਣਾ ਟਰੱਕ ਚਲਾਉਂਦੇ ਸਨ, ਕਈ ਦੂਸਰਿਆਂ ਦੇ ਟਰੱਕਾਂ ਤੇ ਡਰਾਈਵਰ ਲੱਗੇ ਹੋਏ ਸਨ। ਟੈਕਸੀ ਡਰਾਈਵਰ ਵੀ ਸਨ। ਡਰਾਈਵਰਾਂ ਨਾਲੋਂ ਖਾਸ ਕਰ ਟਰੱਕ ਡਰਾਈਵਰਾਂ ਵਿੱਚ ਕਈ ਪੱਖਾਂ ਤੋਂ ਗਿਰਾਵਟ ਦਾ ਡਰ ਹੁੰਦਾ ਹੈ। ਮਾਸ-ਸ਼ਰਾਬ ਦੀ ਆਦਤ ਹੋ ਜਾਣਾ ਆਮ ਗੱਲ ਹੁੰਦੀ ਹੈ। ਜਿਸ ਦਾ ਨਿੱਜੀ ਜੀਵਨ ਵਿੱਚ ਤਾਂ ਨੁਕਸਾਨ ਹੁੰਦਾ ਹੀ ਹੈ, ਕੁਝ ਵੱਡੇ ਦੋਖ ਵੀ ਅਣਜਾਣੇ ਵਿੱਚ ਜਿੰਮੇ ਪੈ ਜਾਂਦੇ ਹਨ। ਅਭੱਖ ਚੀਜ਼ਾਂ ਖਾਣ-ਪੀਣ ਨਾਲ ਅੰਤਸ਼ਕਰਣ ਵੀ ਮੈਲਾ ਹੁੰਦਾ ਹੈ, ਸਰੀਰ ਵੀ ਰੋਗੀ ਹੁੰਦਾ ਹੈ। ਬਰਕਤਾਂ ਚਲੀਆਂ ਜਾਂਦੀਆਂ ਹਨ। ਦੇਖਣ ਵਾਲੇ ਸਾਰੇ ਭਾਈਚਾਰੇ ਜਾਂ ਸਾਰੀ ਕੌਮ ਨੂੰ ਹੀ ਐਸਾ ਸਮਝ ਲੈਂਦੇ ਹਨ।

ਇੱਕ ਸਿੱਖ ਲੇਖਕ ਚੀਨ ਵਿੱਚ ਗਿਆ। ਉਸਨੂੰ ਕਿਸੇ ਨੇ ਵਿਅੰਗਮਈ ਢੰਗ ਨਾਲ, ਕੜੇ ਵੱਲ ਇਸ਼ਾਰਾ ਕਰਕੇ ਪੁੱਛਿਆ, "ਇਸ ਨਾਲ ਤੁਸੀਂ ਲੋਕ ਸ਼ਰਾਬ ਦੀਆਂ ਬੋਤਲਾਂ ਦੇ ਡੱਕ ਖੋਲ੍ਹਦੇ ਹੋ?" ਲੇਖਕ ਬੜਾ ਹੈਰਾਨ ਹੋਇਆ। ਉਸਨੇ ਦੱਸਿਆ ਕਿ ਸਿੱਖ ਪੀਂਦੇ ਨਹੀਂ ਹਨ। ਪੁੱਛਣ ਵਾਲੇ ਨੇ ਕਿਹਾ ਕਿ ਇੱਥੇ ਤਾਂ ਪੀਂਦੇ ਹੀ ਦੇਖੇ ਹਨ। ਉਸ ਨੇ ਪੱਗ ਵਾਲੇ ਕਿੰਨੇ ਕੁ ਪੀਂਦੇ ਦੇਖੇ ਹੋਣਗੇ ਪਤਾ ਨਹੀਂ, ਭਾਵੇਂ ਇੱਕ-ਦੋ ਹੀ ਦੇਖੇ ਹੋਣ, ਉਸਨੇ ਸਾਰਿਆਂ ਬਾਰੇ ਹੀ ਇਹ ਸੋਚ ਪਕਾ ਲਈ। ਉੱਤਰ ਪ੍ਰਦੇਸ਼ ਦੇ ਭਰਾਈ ਇਲਾਕੇ

*—ਬਾਕੀ ਹਿੱਸਾ ਪੰਨਾ 32 'ਤੇ ਪੜ੍ਹੋ ਜੀ*

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

—ਸੰਪਾਦਕ

**525** ਚਿੰਤਾ ਨੂੰ ਚਿੰਤਨ (ਪ੍ਰਭੂ ਦੀ ਭਗਤੀ) ਬਣਾ ਦਿਓ, ਚਿੰਤਨ ਚਿੰਤਾ ਨੂੰ ਖਾ ਜਾਂਦਾ ਹੈ।

**526** ਗੁਰੂ ਦਾ ਪਿਆਰਾ ਮੰਗਣ ਵਿੱਚ ਲੱਜਾ ਰੱਖੇ ਤੇ ਹੱਥੋਂ ਦੇ ਕੇ ਖੁਸ਼ ਹੋਵੇ।

**527** ਪਰਮੇਸ਼ਰ ਦੇ ਦਿੱਤੇ ਤੇ ਸੰਤੋਖ ਰੱਖਣਾ ਚਾਹੀਦਾ ਹੈ, ਪਰਾਏ ਧਨ ਤੇ ਆਸ ਨਹੀਂ ਰੱਖਣੀ ਚਾਹੀਦੀ।

ਬੱਚਿਆਂ ਲਈ ਵਿਸ਼ੇਸ਼

**ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ**

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ "**400 ਸਾਲ ਗੁਰ ਇਤਿਹਾਸ ਦੇ ਨਾਲ**" ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

*ਲੜੀ ਜੋੜਨ ਲਈ ਅੰਕ ਪਿਛਲਾ ਦੇਖੋ ਜੀ :-*

**34. ਪ੍ਰ: ਧੰਨ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਆਗਮਨ ਕਿੱਥੇ ਹੋਇਆ?**

ਉ: ਕੀਰਤਪੁਰ ਸਾਹਿਬ

ਧੰਨ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਸਿੱਖਾਂ ਦੇ ਸੱਤਵੇਂ ਗੁਰੂ ਹਨ। ਸ਼੍ਰੋਮਣੀ ਕਮੇਟੀ ਨੇ ਸਿੱਖ ਇਤਿਹਾਸ (ਭਾਗ-1) ਵਿੱਚ ਦਰਜ ਕੀਤਾ ਹੈ ਕਿ ਸੱਤਵੇਂ ਪਾਤਸ਼ਾਹ ਜੀ ਦਾ ਆਗਮਨ ਧੰਨ ਧੰਨ ਬਾਬਾ ਗੁਰਦਿੱਤਾ ਜੀ ਦੇ ਘਰ ਧੰਨ ਧੰਨ ਮਾਤਾ ਨਿਹਾਲ ਕੌਰ ਜੀ ਦੀ ਕੁੱਖ ਤੋਂ 1630 ਈਸਵੀ ਵਿੱਚ ਹੋਇਆ। ਕਿਤੇ-ਕਿਤੇ ਮਾਤਾ ਜੀ ਦਾ ਨਾਂ ਮਾਤਾ ਅਨੰਤੀ ਜੀ ਵੀ ਆਇਆ ਹੈ। ਛੇਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੇ ਆਪ ਜੀ ਪੋਤਰੇ ਹੋਏ। ਛੋਟੀ ਉਮਰ ਤੋਂ ਹੀ ਆਪ ਜੀ ਦਾ ਸੁਭਾਅ ਦਿਆਲੂ ਸੀ। ਆਪ ਜੀ ਦਾ ਸਰੀਰ ਫੌਲਾਦ ਵਾਂਗ ਸਖ਼ਤ ਅਤੇ ਹਿਰਦਾ ਫੁੱਲਾਂ ਦੀ ਤਰ੍ਹਾਂ ਨਰਮ ਸੀ।

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਲਿਖਿਆ ਹੈ ਕਿ ਛੇਵੇਂ ਪਾਤਸ਼ਾਹ ਜੀ ਨੂੰ ਜਦੋਂ ਗੁਰੂ ਹਰਿਰਾਇ ਸਾਹਿਬ ਜੀ ਦੇ ਪ੍ਰਕਾਸ਼ ਦਾ ਪਤਾ ਲੱਗਾ ਤੇ ਮਹਾਰਾਜ ਜੀ ਉਸ ਵੇਲੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਸ੍ਰੀ ਕੀਰਤਪੁਰ ਸਾਹਿਬ ਵੱਲ ਚੱਲ ਪਏ। ਇੰਨੀ ਖੁਸ਼ੀ ਛੇਵੇਂ ਪਾਤਸ਼ਾਹ ਜੀ ਨੂੰ ਕਿ ਰਾਹ ਵਿੱਚ ਖੁਸ਼ੀਆਂ ਵੰਡਦੇ ਗਏ ਤੇ ਦਾਨ ਦਿੰਦੇ ਗਏ। ਜਦੋਂ ਸ੍ਰੀ ਕੀਰਤਪੁਰ ਸਾਹਿਬ ਪਹੁੰਚੇ, ਗੁਰੂ ਹਰਿਰਾਇ ਸਾਹਿਬ ਜੀ ਨੂੰ ਗੋਦ ਵਿੱਚ ਲਿਆ, ਕਿੰਨੇ ਹੀ ਵਰ ਦਿੱਤੇ ਤੇ ਨਾਮ ਹਰਿ ਰਾਇ ਰੱਖਿਆ ਅਤੇ ਨਾਲ ਹੀ ਬਚਨ ਕੀਤਾ ਕਿ ਧਰਤੀ ਦਾ ਭਾਰ ਹੌਲਾ ਕਰਨ ਲਈ ਇਹ ਸੰਸਾਰ ਤੇ ਆਏ ਹਨ ਤੇ ਫਿਰ ਕੀ ਆਖਿਆ ਵੱਡੀ ਚੀਜ਼ ਦਾ ਗਾਹਕ ਆਇਆ ਹੈ।

ooo

**35. ਪ੍ਰ: ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਜਨਮ ਕਿਸ ਨਗਰ ਵਿੱਚ ਹੋਇਆ? ਉਸ ਨਗਰ ਦਾ ਕੀ ਨਾਂ ਹੈ?**

ਉ: ਸ੍ਰੀ ਪਹੂਵਿੰਡ ਸਾਹਿਬ (ਸ੍ਰੀ ਅੰਮਿਤ੍ਰਸਰ)

ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਜਨਮ 1682 ਈਸਵੀ ਵਿੱਚ ਧੰਨ ਪਿਤਾ ਭਗਤੂ ਜੀ ਦੇ ਘਰ ਧੰਨ ਮਾਤਾ ਜਿਊਣੀ ਜੀ ਦੀ ਕੁੱਖ 'ਚੋਂ ਹੋਇਆ। ਬਾਬਾ ਜੀ ਵਰਗਾ ਨਾ ਕੋਈ ਇਸ ਦੁਨੀਆਂ ਵਿੱਚ ਹੋਇਆ ਹੈ, ਨਾ ਹੀ ਹੋਵੇਗਾ। ਬਾਬਾ

ਜੀ ਨੇ ਭਗਤੀ ਕੀਤੀ ਤੇ ਉਹ ਵੀ ਸਿਰੇ ਦੀ ਕੀਤੀ ਤੇ ਜੇ ਸ਼ਸ਼ਤਰ ਚਲਾਏ ਤੇ ਉਸ ਵਰਗਾ ਕੋਈ ਸਾਨੀ ਨਹੀਂ। ਇੱਕ ਧੰਨ ਧੰਨ ਬਾਬਾ ਦੀਪ ਸਿੰਘ ਜੀ ਹਨ ਜਿਨ੍ਹਾਂ ਅੱਗੇ ਮੌਤ ਵੀ ਝੁਕ ਗਈ। ਬਾਬਾ ਜੀ ਦਾ ਨਾਂ ਲੈਂਦਿਆਂ ਅੰਦਰ ਠੰਡ ਪੈਂਦੀ ਹੈ ਤੇ ਪਾਪ ਆਪਣੇ ਆਪ ਨੱਸ ਜਾਂਦੇ ਹਨ। ਬਾਬਾ ਜੀ ਦਾ ਜਨਮ ਦਿਹਾੜਾ ਸ੍ਰੀ ਪਹੂਵਿੰਡ ਸਾਹਿਬ ਹਰ ਸਾਲ ਜਨਵਰੀ ਦੇ ਮਹੀਨੇ ਬੜੇ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ। ਇੰਨੀ ਜ਼ਿਆਦਾ ਸੰਗਤ ਹੁੰਦੀ ਹੈ ਕਿ ਪੈਰ ਰੱਖਣ ਦੀ ਵੀ ਜਗ੍ਹਾ ਨਹੀਂ ਹੁੰਦੀ। ਕਿਉਂ? ਕਮਾਈਆਂ ਕੀਤੀਆਂ ਹਨ, ਗੁਰੂ ਕਲਗੀਧਰ ਪਿਤਾ ਜੀ ਨੂੰ ਇੰਨਾ ਰਿਝਾਇਆ ਹੈ ਕਿ ਦਰਗਾਹ ਦੀਆਂ ਕੁੰਜੀਆਂ ਹਨ, ਬਾਬਾ ਜੀ ਕੋਲ।

ੋੋੋ

---

*ਪੰਨਾ 29 ਦਾ ਬਾਕੀ ਹਿੱਸਾ—*

ਵਿੱਚ ਜਦ ਸਿੱਖ ਵਸੇ ਤਾਂ ਕੁਝ ਜਾਣਿਆਂ ਦਾ ਸ਼ਰਾਬ ਦਾ ਚਲਨ ਅਤੇ ਕੁਝ ਦਾ ਚੋਰੀਆਂ-ਚਕਾਰੀਆਂ ਦਾ ਰੁਝਾਨ ਬਹੁਤ ਬਦਨਾਮੀ ਦਾ ਕਾਰਨ ਬਣਿਆ। ਇੱਥੋਂ ਤੱਕ ਕਿ ਇਲਾਕੇ ਵਿੱਚ ਆਏ ਇੱਕ ਨੇਤਾ ਨੇ ਸਾਰੀ ਕੌਮ ਨੂੰ ਹੀ ਜ਼ਰਾਇਮ ਪੇਸ਼ਾ ਆਖ ਦਿੱਤਾ ਸੀ। ਉਸ ਵੇਲੇ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਨੇ ਭਰਾਈ ਦੇ ਇਲਾਕੇ ਵਿੱਚ ਗੁਰਮਤਿ ਪ੍ਰਚਾਰ ਲਹਿਰ ਚਲਾ ਦਿੱਤੀ। ਖੇਤੀ ਦੀ ਕਿਰਤ ਕਰਨ ਦੇ ਨਾਲ-ਨਾਲ ਪਿੰਡ-ਪਿੰਡ ਦੀਵਾਨ ਸਜਾਉਣੇ ਆਰੰਭ ਕਰ ਦਿੱਤੇ। ਜਿਸ ਦਾ ਨਤੀਜਾ ਇਹ ਹੋਇਆ ਨਖਿੱਧ ਚੀਜ਼ਾਂ ਛੱਡ ਕੇ ਗੁਰਮਤਿ ਅਪਨਾਉਣ ਦੀ ਲਹਿਰ ਚੱਲ ਪਈ।

ਇਉਂ ਗਿਰਾਵਟ ਵਾਲਾ ਜੀਵਨ ਸਮੁੱਚੀ ਕੌਮ ’ਤੇ ਸ਼ੰਕਾ ਪੈਦਾ ਕਰ ਦੇਵੇ ਤਾਂ ਵੱਡਾ ਕਰਮ ਬਣ ਜਾਂਦਾ ਹੈ, ਦਰਗਾਹ ਵਿੱਚ ਲੇਖਾ ਦੇਣਾ ਪੈ ਜਾਂਦਾ ਹੈ। ਅੱਜ ਵੀ ਪੰਜਾਬ ਤੋਂ ਬਾਹਰ ਕਈ ਥਾਵਾਂ ਤੇ ਸਮਝਿਆ ਜਾਂਦਾ ਹੈ ਕਿ ਸਿੱਖ ਮਾਸ-ਸ਼ਰਾਬ ਰੱਜ ਕੇ ਵਰਤਦੇ ਹਨ। ਇਸ ਲਈ ਹਰ ਸਿੱਖ ਨੂੰ ਜੀਵਨ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਸਿੱਖ ਦੀ ਸੋਹਣੀ ਹੀ ਸ਼ੋਅ ਆਵੇ। ਭਾਵ ਸਿੱਖ ਦਾ ਜੀਵਨ ਐਸਾ ਹੋਵੇ ਕਿ ਦੇਖਣ ਵਾਲਾ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੇ ਅਤੇ ਚੰਗਾ ਪ੍ਰਭਾਵ ਲੈ ਕੇ ਚੰਗਾ ਹੀ ਬੋਲੇ।

ਬਾਬਾ ਜੀ ਨੇ ਦੀਵਾਨਾਂ ਦੀ ਆਰੰਭਤਾ ‘ਦੁਰਲਭ ਮਾਨੁਖ ਦੇਹ’ ਦੀ ਮਹੱਤਤਾ ਅਤੇ ਪ੍ਰਯੋਜਨ ਬਾਰੇ ਦੱਸਣ ਤੋਂ ਕੀਤੀ। ਆਪ ਜੀ ਨੇ ਦੱਸਿਆ ਕਿ ਚੁਰਾਸੀ ਦੇ ਚੱਕਰ ਵਿੱਚੋਂ ਵੱਡਿਆਂ ਭਾਗਾਂ ਨਾਲ ਮਨੁੱਖਾ ਦੇਹੀ ਪ੍ਰਾਪਤ ਹੁੰਦੀ ਹੈ। ਇਸ ਦਾ ਪ੍ਰਯੋਜਨ ਪ੍ਰਭੂ ਪ੍ਰਾਪਤੀ ਹੈ। ਇਹ ਜੀਵਨ ਅਚੇਤ ਰਹਿ ਕੇ ਗੁਆ ਦੇਣ ਲਈ ਨਹੀਂ ਸਗੋਂ ਸੁਚੇਤ ਰਹਿ ਕੇ ਲੇਖੇ ਲਾਉਣ ਲਈ ਹੈ, ਸੇਵਾ-ਸਿਮਰਨ ਦੁਆਰਾ ਸਫਲ ਕਰਨ ਲਈ ਹੈ।

ਇਸ ਤਰ੍ਹਾਂ ਦਰਜਾ-ਬ-ਦਰਜਾ ਬਚਨ ਸੁਣਾਉਂਦੇ ਹੋਏ ਦੋ ਮਹੀਨਿਆਂ ਵਿੱਚ ਮਹਾਂਪੁਰਖਾਂ ਨੇ ਜਨਮ ਸਫਲਾ ਕਰਨ, ਗੁਰਮਤਿ ਅਪਨਾਉਣ ਅਤੇ ਖੰਡੇ-ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਦੇ ਹੋਏ ਕਈਆਂ ਦੇ ਨਿਸ਼ਚੇ ਦ੍ਰਿੜ੍ਹ ਕਰ ਦਿੱਤੇ। ਬਹੁਤ ਸਾਰੇ ਪ੍ਰੇਮੀ ਗੁਰੂ ਵਾਲੇ ਬਣਨ ਲਈ ਤਿਆਰ ਹੋ ਗਏ। ਦੋ ਮਹੀਨੇ ਹੋਣ ਤੇ ਅੰਮ੍ਰਿਤ-ਸੰਚਾਰ ਹੋਇਆ। ਬਹੁਤ ਸਾਰੇ ਪ੍ਰੇਮੀ ਗੁਰੂ ਕੇ ਜਹਾਜੇ ਚੜ੍ਹੇ। ਜੋ ਪਹਿਲਾਂ ਹੀ ਗੁਰੂ ਵਾਲੇ ਸਨ, ਉਨ੍ਹਾਂ ਨੂੰ ਹੋਰ ਜ਼ਿਆਦਾ ਸੇਵਾ-ਸਿਮਰਨ ਦਾ ਉਮਾਹ ਪੈਦਾ ਹੋਇਆ। ਸਾਰਿਆਂ ਦੇ ਜੀਵਨ ਵਿੱਚ ਸ਼ੁਭ ਕਰਮਾਂ ਦਾ ਚਾਉ ਅਤੇ ਉੱਦਮ ਪੈਦਾ ਹੋਇਆ। ਪਤਾ ਹੀ ਨਾ ਲੱਗਾ ਦੋ ਮਹੀਨੇ ਕਦੋਂ ਲੰਘ ਗਏ।

ੋੋੋ

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ:-*

**294**

ਸਰੀਰ ਵਿੱਚ ਸਭ ਨਾਲੋਂ ਵੱਡਾ ਕੋਹੜ ਹੈ ਕਾਮ ਪਰ ਕਾਮ ਤੋਂ ਬਚਣ ਲਈ ਇੱਕੋ ਹੀ ਸਾਧਨ ਹੈ, ਮਨ ਗੁਰੂ ਨਾਨਕ ਸਾਹਿਬ ਨੂੰ ਦੇ ਦਿਓ।

**295**

ਚੁੱਪ ਰਹਿ ਕੇ ਕੀਤਾ ਹੋਇਆ ਦਾਨ ਰੂਹ ਨੂੰ ਰਿਝਾਉਂਦਾ ਹੈ।

*ਸੰਗ੍ਰਹਿ ਕਰਤਾ-ਸੰਪਾਦਕ*

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

*—ਭਾਈ ਅਮਰੀਕ ਸਿੰਘ ਗਨੈਸਕ*

**128**

ਜਿੰਨਾ ਟਿਕਾਅ ਤੇ ਇਕਾਗਰਤਾ ਹੋਵੇਗੀ ਓਨੀ ਹੀ ਸ਼ਾਂਤੀ ਮਹਿਸੂਸ ਹੋਵੇਗੀ।

**129**

ਸਿਮਰਨ ਭਜਨ ਵਿੱਚ ਅਭਿਆਸ ਪੱਕਣ ਤੇ ਹੀ ਗੱਲ ਬਣੇਗੀ।

# भगता कउ बलिहारा

–जसविन्द्र सिंह (पटियाला)

## परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

***भगत जना कै संगि पाप गवावणा।।***

*(अंग ६५२)*

धन्य धन्य बाबा दीप सिंघ जी के गुणों, उनकी महिमा और उनके अनमोल गुणों का ध्यान धर के प्यार से कहो जी सतिनाम श्री वाहिगुरु। जो प्रभु ने सृष्टि बनाई है, बोने की स्वतंत्रता जो है, वह आपको ही दी है। पाँच किल्ले किसान के पास ज़मीन है, उसका मन करे गेहूं बोए, मन करे सब्जी लगाए, मन करे फूल लगाए, बोने की स्वतंत्रता है। बोने के बाद स्वतंत्रता नहीं। बोने के बाद ईश्वर का कानून है, जो बोया है, वही काटना पड़ेगा। कोई गेहूं बो कर यह नहीं कह सकता कि मैं सब्जी काट लूं, सब्जी लगाकर कोई यह नहीं कह सकता कि मैं गेहूं काट लूं, बोने की आज़ादी है। यह जो ईश्वर ने सृष्टि बनाई है, इसमें कुछ चीजें ऐसी रख दी हैं यदि आपका मन करे, अपने जीवन में पापों का भार भर कर ले जाओ और कुछ चीजें रख दी हैं कि अपने पापों का नाश कर लो। अब शब्द आया हैः

***भगत जना कै संगि पाप गवावणा।।***

*(अंग ६५२)*

सृष्टि में दोनों चीजें हैं। बोने की आपको आज़ादी है। एक तरफ है चाहे पापों को बढ़ा लो और दूसरी तरफ है आपके किए हुए पाप नष्ट हो जाएँगे। अब मान लो यदि आप कार में कहीं जा रहे हो, दस मील सफर है, बीस मील सफर है। कार चलाते समय आपका मन करे पाप कर सकते हो, मन करे पाप नष्ट कर सकते हो। मगर कैसे? उस कार में यदि आपने ऐसे गीत लगा लिए जिन के सुनने से मन में विकार बढ़ते हैं तो वह जो दस–बीस मील का सफर बीतना है, उसमें आपने अपने पापों का भार और बढ़ा लिया। यदि उस कार में आपने किसी भगत, किसी प्यारे की गुरबाणी की टेप लगा ली, कीर्तन सुन लिया तो वह जो दस–बीस मील का सफर बीतना है उस समय में आपके द्वारा किए हुए पापों का कुछ हिस्सा धुल जाएगा। आपके पास यह स्वतंत्रता है। मन करे और पाप बढ़ा लो चाहे मन करे पिछले पाप भी धुलवा लो।

***भगत जना कै संगि पाप गवावणा।।***

*(अंग ६५२)*

अब आप में से किसी का दिल करता है किताबें पढ़ने को। किताबें पढ़ने का चाव होता है। कुछ ऐसी किताबें भी धरती पर छपी हैं, कहते हैं कि वे पढ़ लो तो पढ़ने के बाद आपका मन करेगा कि पाप और कर लूँ। इतने ज्यादा

अश्लील नावल हैं। और कुछ ऐसी धार्मिक किताबें भी धरती पर छपी हैं जिनको पढ़ने के बाद मन करता है कि मैं भी माला पकड़ लूँ गुरु के प्यारों की तरह। अब देखो, बोने की आज़ादी आपके पास है। बाज़ार में से किताब आपने ही लेनी है चाहे गलत किताब ले लो, चाहे जोड़ने वालों की ले लो। ईश्वर ने दोनों ही पैदा की हैं। बोने की आज़ादी आपकी है। चाहे पाप बढ़ा लो, चाहे पाप नष्ट कर लो। कुछ किताबें पढ़ने के बाद विकार जन्म लेते हैं और कुछ किताबें पढ़ने के बाद मन करता है कि मैं भी नाम–सिमरन से जुड़ जाऊँ।

हर साल गुरुद्वारा सत्संग सभा, बाज़ार लुहारां (छोटी शहीदां साहिब) चोपहरा होता है। यह चोपहरा क्यों रखा गया? धन्य धन्य बाबा दीप सिंघ जी (पूर्ण ब्रह्मज्ञानी) के धरती पर आने की खुशी में यह दिवस मनाया जाता है। एक परिवार है अवचल टैक्सटाइल वाले, सोहन सिंघ जी का। पूरा परिवार अत्यंत धनवान है, अत्यंत कोठियाँ, अत्यंत कारखाने हैं परंतु अपने मन को कहाँ रखा है कि हम धन्य धन्य बाबा दीप सिंघ जी के दर के भिखारी हैं। बाबा जी से इतना प्यार है, कहते हैं जो कुछ पाया है, उनसे ही पाया है। अब बात हो रही है पाप बोने की एवं पाप नष्ट होने की। छोटी शहीदां संगत प्यार में आ गई, संगत ने हाथ जोड़कर जयकारे लगाए और जब दास ने इतनी विनती की कि धन्य धन्य बाबा दीप सिंघ जी का 101 पाठ जपु जी साहिब करने का रोज़ नितनेम के अलावा नेम था। और आप भी हाथ खड़े करके, यह प्यार दो कि महीने में चाहे एक दिन ही सही हम भी 101 पाठ की हाजरी लगाएँगे। बाबा जी रोज़ करते थे। संगत जी इतना ही कह दो बाबा जी का दिवस मनाते हुए कि महीने में एक दिन हम भी 101 पाठ की हाज़री लगाएँगे। फिर संगत ने जयकारे लगाए, प्यार दिया, हाथ खड़े किए। दास ने फिर विनती की। दास ने कहा, कुछ लोगों की इतनी स्पीड नहीं होती कि 101 पाठ रोज़ हो जाएं, यदि महीने में संगत ने स्वीकृति दी, शेष नेम चलता रहे पर एक भगत के जीवन से कुछ रंग लगे 101 पाठ एक दिन में न हो सकें तो 51–51 दो दिनों में हो जाएं। सारी संगत प्यार बख्शना। देखो, एक भगत में कितनी ताकत है, कितना उन्होंने नाम जपा है कि उस भगत के जीवन की बात सुनकर भी अनेकों ने हाथ खड़े करके जयकारे लगाए। एक भगत का जीवन कितना ऊँचा है, शरीर त्यागने के बाद भी उनकी साखियाँ श्रवण करके आज भी पाप निवृत्त कर रही हैं। बोने का अधिकार आपके पास है। आप किताब बाज़ार में से वह खरीद लो जो विकार पैदा करती है या किताब वह खरीद लो भक्तों की, जिन्होंने प्राप्ति की, जिनका तीसरा नेत्र ज्ञान का खुला, ऐसी किताबें आपके पाप निवृत्त करेंगी। बोने की आज़ादी आपके पास है। गुरु प्यारो, यह धन्य श्री गुरु ग्रंथ साहिब जी का फैसला है कि यदि कोई प्रभु का प्यारा मिल जाए तो पाप निवृत हो जाते हैं, पर यदि साकत मिल जाए तो सदा डर रहता है कि किसी कुसंगति से पाप न हो जाए। धन्य श्री गुरु ग्रंथ साहिब जी में भक्त कबीर जी की बाणी उच्चारण करती है:

*कबीर साकत संगु न कीजीऐ*
*दूरहि जाईऐ भागि ॥*
*बासनु कारो परसीऐ*
*तउ कछु लागै दागु ॥१३१॥*

*(अंग १३७१)*

साकत का संगत हो गया, पाप बढ़ने शुरु हो गए। अगर किसी नाम जपने वाले प्यारे का, रंगे हुए का संग हो गया, तेरे पाप भी नाश होने शुरु हो गए। तुझे नाम जपने का चाव पैदा हो गया। आओ सारी संगत मिलकर अरदास करें। बाबा नंद सिंघ जी तो अरदास में यहाँ तक कहते थे कि हे गुरु नानक महाराज जी! किसी नीच, निंदक, बेमुख की संगत मत करा देना, जिसके मिलने से आप बिसर जाएं। उन गुरमुखो, संत–महात्मा का मेल प्रदान करना, जिनके मिलने से आपका नाम सतिनाम श्री वाहिगुरु याद आए।

***भगत जना कै संगि पाप गवावणा॥***

*(अंग ६५२)*

धरती पर हर चीज़ के दो पहलू हैं। मन करे तो पाप एकत्र कर लो, मन करे तो पाप निवृत कर लो। गरीब निवाज के आगे अरदास करो, हम पर आज कृपा करो :

***सेई पिआरे मेलि जिना मिलिआ***
***तेरा नाम चित आवे।***

संगत जी, बस यही अरदास करना, बाबा दीप सिंघ जी के समक्ष कि गरीब निवाज, हमारे घरों में वे किताबें न आएं जो विकार पैदा करती हैं। हमारे घरों में, कारों में वह टेप न आए जो विकार पैदा करती हैं, मुझे उनका मिलाप प्रदान करो, मेरा आस पास वह कुछ बना दे, मुझे तेरा ही नाम याद आए।

***सेई पिआरे मेलि जिना मिलिआ***
***तेरा नाम चित आवे।***

याद रखना, यह अरदास आप नहीं कर रहे, यह अरदास भक्त कबीर जी ने भी की थी। भक्त कबीर जी जब यह अरदास करने लगे कि भक्तों का मेल प्रदान कर, भक्तों को सुनुं, भक्तों को पढ़ूं, भक्तों को मिलुं। आओ पंक्ति पढ़ लें जो भक्त कबीर जी ने शब्द उच्चारण किया है, यह मांग की :

***जो जन लेहि खसम का नाउ॥***

*(अंग ३२८)*

तब क्या मांगा, हे प्रभु! गरीब निवाज! जो तेरा नाम जपने वालों की मेरी झोली में खैर डाल।

***तिन कै सद बलिहारै जाउ॥१॥***

*(अंग ३२८)*

यदि भक्त कबीर जी थोड़ा–सा आगे चले गए, आप भी चले जाओ। शुभ कर्म का लालच करना चाहिए। भक्त कबीर जी आगे न जाते तो यह कहना था उन्होंने कि जो तेरा नाम जपते हैं, मुझे उनका मिलाप करवाओ। वह आगे चले गए। वह आगे क्या कहते हैं:

***जो जन लेहि खसम का नाउ॥***
***तिन कै सद बलिहारै जाउ॥१॥***

*(अंग ३२८)*

सद का क्या मतलब है, भक्त कबीर जी कहने लगे, मेरे मरने के बाद मेरी कुलों पर भी कृपा करना। अच्छों का ही संग देना, मेरी कुलों को भी। एक बहिन को दास ने पूछा कि तेरा नेम कितना है। उसने नेम बताया। बाद में वह बहिन कहने लगी कि इसके अलावा दो पाठ जपु जी साहिब के मैं अपने बच्चों के लिए करती हूँ। दास ने कहा कि वह क्यों? कहने लगी कि मैं दो पाठ करती हूँ और धन्य श्री गुरु गोबिंद सिंघ जी महाराज के आगे यह अरदास करती हूँ कि हे कलगीधर पिता जी! मेरी कुल, मेरे बच्चों, मेरे पोते, मेरी कुल पर भी कृपा करना। गरीब

निवाज! माला फेरने वाली औलाद हो, गुटका साहिब पकड़ने वाली हो। देखो, यह कोई अपने से आगे एक सीढ़ी और चढ़ता है, बच्चों के लिए भी थोड़ा नेम बढ़ाकर करता है कि गरीब निवाज! इनको कुसंग से दूर रखना।

एक बार दास ने कोई तीन–चार मिनट की रिकाडिंग करवानी थी। दास को स्टूडियो पर जाना पड़ा। जब दास स्टूडियो पर गया, उनका काम है रिकाडिंग करना। दास ने पूछा कि आपका रिकाडिंग करने का क्या हाल–चाल है? वह दास को कहते 5% हमारे स्टूडियो में गुरबाणी रिकाडिंग होती है और 95% अश्लील गाने रिकार्ड होते हैं। कहने लगे कि हमारा तो धंधा है, मजबूरी है। कहने लगे अब आप ही अनुमान लगा लो कि 95% क्या बिक रहा है और 5% क्या बिक रहा है? ध्यान देना। दास थोड़ा आगे गया, कहा कि 95% में से आपको किस चीज़ की ज्यादा लागत है? कहने लगे, आजकल जो बड़े ज़बरदस्त म्यूजिक एवं उनकी रिकाडिंग होती है, कोई विवाह हो तो उनकी टेप लगा लेते हैं और नाचते हैं। कारों में भी आज कल ऐसी सी.डी.जी. या टेप लगी होती है। कोई मतलब नहीं होता, क्या बात कहें, क्या लगा हुआ है, क्या बात कहीं कुछ नहीं। दास ने कहा कि इनका कोई मतलब तो होता नहीं। कहने लगा, सच बताऊँ हमें भी पता है, कोई अर्थ नहीं। बातचीत तो कोई है नहीं पर ज्यादा लागत इसी की है। आग लगी हुई है। वही बचा है, जो अपने पिता गुरु के आगे अरदास करता है कि मुझे आग से बचाकर रखना। यदि भक्त कबीर जी ने अरदास की है तो क्या आप नहीं कर सकते? भक्त कबीर जी कहतेः

***तिन कै सद बलिहारै जाउ॥१॥***

*(अंग ३२८)*

हे अकाल पुरख वाहिगुरु जी! कृपा करो, मेरे बच्चे जो हैं, आगे उनके बच्चे और मेरी जो आगे कुल होगी, वह भी नाम–सिमरन में लीन रहे।

***सेई पिआरे मेलि जिना मिलिआ***
***तेरा नाम चित आवे।***

यह रोज़ अरदास किया करो। सेई पिआरे मेल का मतलब यह नहीं है कि व्यक्ति ही मिलना है। बल्कि वह वाला मेल, मेरे घर में धार्मिक किताबें, टेप, मेलजोल, टी.वी. पर समागम, प्रोग्राम, वह कुछ दिखा जिसके कारण वाहिगुरु मुझे याद आए।

***भगत जना कै संगि पाप गवावणा॥***

*(अंग ६५२)*

यदि गलत बो लो, पाप एकत्र हो जाते हैं, परन्तु यदि नाम बो लो, पाप निवृत्त हो जाते हैं।

बाबा जी वचन करते थे, दलील देते थे कि साधारण व्यक्ति के लिए धरती पर सबसे अधिक माया बड़ी है। माया बहुत कुछ है। विद्वान, खोजी यह उन्होंने खोज कर कहा है कि माया से भी बड़ा कुछ है? फिर कहा माया से बड़ी चीज है, पदार्थ। ध्यान देना। अब आप में से किसी व्यक्ति के पास 50 लाख रुपया है। अलमारी में पड़ा है। क्या करेगा? यदि पदार्थ ही नहीं मिलेंगे? भूख लगी है, रुपया खा तो नहीं सकता। क्या करेगा? भूख लगी है शरीर को माया से जो चीज़ खरीदता है, वह चीज़ भूख मिटाती है। आप पाँच दिन के लिए 50 लाख रुपया देकर किसी को कमरे में बंद कर दो, रुपया तो उसके पास 50 लाख है परन्तु जीना

कठिन है, जब तक पदार्थ नहीं हैं। माया से बड़ा पदार्थ है। पदार्थ होंगे तो क्रिया जिंदगी में चलती है। खोजियों ने कहा है कि पदार्थ से भी कोई बड़ा है। कहते, पदार्थ से बड़ी देह अरोग्यता है। किसी व्यक्ति के पास माया भी है और पदार्थ भी हैं परन्तु उसका शरीर ही अरोग्य नहीं तो वह कुछ खा ही नहीं सकता। पदार्थ वही खाएगा, जिसका शरीर अरोग्य है।

